
ਮਾਂ-ਬੋਲੀ

ਇਕ ਡਾਕਟਰੀ ਦ੍ਰਿਸ਼ਟੀਕੋਣ



ਡਾ. ਹਰਸ਼ਿੰਦਰ ਕੌਰ
ਐਮ.ਡੀ.



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਮਾਂ-ਬੋਲੀ

[ਇਕ ਡਾਕਟਰੀ ਦ੍ਰਿਸ਼ਟੀਕੋਣ]

ਲੇਖਿਕਾ ਦੀਆਂ ਹੋਰ ਪੁਸਤਕਾਂ :

ਸਿਹਤ ਗਿਆਨ ਲਈ :

- ***ਦਿਲ ਦੇ ਰੋਗ ਤੇ ਆਮ ਆਦਮੀ*** (1999)

ਬਾਲ ਰੋਗਾਂ ਲਈ :

- ***ਸਾਡੇ ਬੱਚੇ ਸਾਡੇ ਚਿਰਾਗ਼*** (2005)
- ***ਬੱਚਿਆਂ ਦੀਆਂ ਮਨੋ-ਵਿਗਿਆਨਕ ਸਮੱਸਿਆਵਾਂ ਤੇ ਇਲਾਜ*** (2006)
- ***ਬੱਚਿਆਂ ਬਾਰੇ ਗਿਆਨ, ਵਿਗਿਆਨ ਤੇ ਮਨੋ-ਵਿਗਿਆਨ*** (2007)

ਮਾਂ-ਬੋਲੀ

[ਇਕ ਡਾਕਟਰੀ ਦ੍ਰਿਸ਼ਟੀਕੋਣ]

ਡਾ. ਹਰਸ਼ਿੰਦਰ ਕੌਰ
ਐਮ.ਡੀ. (ਬੱਚਿਆਂ ਦੀ ਮਾਹਿਰ)

ਸਿੰਘ ਬ੍ਰਦਰਜ਼
ਅੰਮ੍ਰਿਤਸਰ

MAAN-BOLI : IK DAKTARI DRISHTIKON

[Mother Tongue : A Doctor's Perspective]

by

Dr. HARSHINDAR KAUR

M.D. (Paediatrics)

28, PREET NAGAR, LOWER MALL,

PATIALA

TELE : (R) 0175-2216783 (M) 98140-41345

E-mail : drharshpatiala@hotmail.com

ISBN 81-7205-402-5

ਪਹਿਲੀ ਵਾਰ ਜਨਵਰੀ 2008

ਦੂਜੀ ਵਾਰ ਅਗਸਤ 2015

ਮੁੱਲ : 70-00 ਰੁਪਏ

ਪ੍ਰਕਾਸ਼ਕ :

ਸਿੰਘ ਬ੍ਰਦਰਜ਼

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001

E-mail : singhbro@vsnl.com

Website : www.singhbrothers.com

ਛਾਪਕ :

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਸਮਰਪਣ

ਹਰ ਉਸ ਅਣਖੀਲੇ ਪੰਜਾਬੀ ਨੂੰ
ਜਿਹੜਾ ਆਪਣੀ ਮਾਂ-ਬੋਲੀ 'ਤੇ ਫ਼ਖ਼ਰ ਕਰਦਾ ਹੈ
ਤੇ
ਇਸ ਨੂੰ ਪ੍ਰਫੁੱਲਿਤ ਹੁੰਦੇ ਵੇਖਣਾ ਚਾਹੁੰਦਾ ਹੈ
ਕਿਉਂਕਿ
ਉਹ ਜਾਣਦਾ ਹੈ ਕਿ ਮਾਂ ਰੱਬ ਦਾ ਰੂਪ ਹੁੰਦੀ ਹੈ
ਤੇ
ਮਾਂ-ਬੋਲੀ ਹੀ ਰੱਬ ਦੀ ਬਾਣੀ ਹੁੰਦੀ ਹੈ।

ਤਤਕਰਾ

ਮੇਰੇ ਵੱਲੋਂ

ਮੈਨੂੰ ਬਚਪਨ ਵਿਚ ਮੇਰੇ ਭਾਪਾ ਜੀ, ਪ੍ਰੋ. ਪ੍ਰੀਤਮ ਸਿੰਘ ਜੀ ਇਕ ਦੰਤ ਕਥਾ ਸੁਣਾਇਆ ਕਰਦੇ ਸਨ, ਜੋ ਉਨ੍ਹਾਂ ਨੂੰ ਮੇਰੇ ਦਾਦਾ ਜੀ ਨੇ ਸੁਣਾਈ ਸੀ ਤੇ ਉਨ੍ਹਾਂ ਨੂੰ ਮੇਰੇ ਪੜਦਾਦਾ ਜੀ ਨੇ। ਹੋਇਆ ਇੰਜ ਕਿ ਅਕਬਰ ਬਾਦਸ਼ਾਹ ਵੇਲੇ ਦਰਬਾਰ ਵਿਚ ਰੱਬ ਦੀ ਬੋਲੀ ਨੂੰ ਲੈ ਕੇ ਝਗੜਾ ਸ਼ੁਰੂ ਹੋ ਗਿਆ। ਮੁਲਾਣੇ ਕਹਿਣ ਕਿ ਰੱਬ ਦੀ ਬੋਲੀ ਅਰਬੀ ਹੈ ਤੇ ਪੰਡਤ ਕਹਿਣ ਕਿ ਸੰਸਕ੍ਰਿਤ ਹੈ। ਇਸ ਗੱਲ ਦਾ ਫ਼ੈਸਲਾ ਕਰਨ ਲਈ ਕੁੱਝ ਗੂੰਗੇ ਬੋਲ਼ੇ ਬੰਦੇ ਲੱਭੇ ਗਏ ਤੇ ਉਨ੍ਹਾਂ ਨੂੰ ਇਕ ਕਿਲ੍ਹੇ ਅੰਦਰ ਬੰਦ ਕਰ ਦਿੱਤਾ ਗਿਆ। ਪੰਦਰਾਂ ਸਾਲਾਂ ਬਾਅਦ ਉਨ੍ਹਾਂ ਦੇ ਬੱਚੇ ਬਾਹਰ ਕੱਢੇ ਗਏ ਤਾਂ ਜੋ ਉਨ੍ਹਾਂ ਦੀ ਬੋਲੀ ਤੋਂ ਇਹ ਪਤਾ ਲੱਗ ਸਕੇ ਕਿ ਰੱਬ ਦੀ ਬੋਲੀ ਕੀ ਹੈ ? ਜਦੋਂ ਉਨ੍ਹਾਂ ਨੂੰ ਬੋਲਣ ਲਈ ਕਿਹਾ ਗਿਆ ਤਾਂ ਸਾਰੇ 'ਊ', 'ਆ' ਕਰ ਕੇ ਹੀ ਚੁੱਪ ਹੋ ਗਏ। ਇਸ ਤੋਂ ਇਹ ਤਾਂ ਸਾਬਤ ਹੋ ਹੀ ਗਿਆ ਕਿ ਰੱਬ ਦੀ ਆਪਣੀ ਕੋਈ ਬੋਲੀ ਨਹੀਂ।

ਬੱਚੇ ਉਹੀ ਬੋਲਦੇ ਹਨ, ਜੋ ਉਹ ਸੁਣਦੇ ਹਨ। ਜਦੋਂ ਗੂੰਗੇ ਬੋਲ਼ੇ ਬੰਦਿਆਂ ਦੇ ਬੱਚਿਆਂ ਨੇ ਕਿਸੇ ਨੂੰ ਬੋਲਦੇ ਸੁਣਿਆ ਹੀ ਨਹੀਂ ਸੀ ਤਾਂ ਉਹ ਵੀ ਉਹੀ ਆਵਾਜ਼ਾਂ ਕੱਢ ਸਕਦੇ ਸਨ, ਜਿਹੜੀਆਂ ਉਨ੍ਹਾਂ ਦੇ ਮਾਪੇ ਕੱਢ ਰਹੇ ਸਨ। ਨਤੀਜੇ ਵਜੋਂ ਸੁਣ ਬੋਲ ਸਕਣ ਦੇ ਕਾਬਲ ਹੁੰਦੇ ਹੋਏ ਵੀ ਬੱਚੇ ਗੂੰਗੇ ਬਣ ਕੇ ਰਹਿ ਗਏ ਸਨ। ਇਸ ਦਾ ਮਤਲਬ ਸਾਫ਼ ਹੈ ਕਿ ਬੱਚੇ ਲਈ ਉਸਦੀ ਮਾਂ ਹੀ ਰੱਬ ਦਾ ਰੂਪ ਹੈ ਤੇ ਜਿਹੜੀ ਜ਼ਬਾਨ ਮਾਂ ਬੋਲ ਰਹੀ ਹੋਵੇ, ਉਹੀ ਬੱਚੇ ਲਈ ਰੱਬ ਦੀ ਬੋਲੀ ਬਣ ਗਈ।

ਹਾਲੇ ਤਕ ਭਾਸ਼ਾ-ਵਿਗਿਆਨੀਆਂ ਤੇ ਧੁਨੀ-ਵਿਗਿਆਨੀਆਂ ਨੇ ਬੋਲੀ ਬਾਰੇ ਬਹੁਤੀ ਖੋਜ ਕੀਤੀ ਹੈ ਤੇ ਖੋਜ-ਪੱਤਰ ਲਿਖੇ ਹਨ। ਜੇ ਗ਼ੌਰ ਨਾਲ ਵੇਖੀਏ ਤਾਂ ਬੋਲਣ ਲਈ ਜਿਹੜੇ ਜੰਤਰਾਂ ਦੀ ਲੋੜ ਹੁੰਦੀ ਹੈ, ਉਹ ਹਨ : ਕੰਨ, ਅੱਖ, ਸੰਘ, ਤਾਲੂ, ਉਪਰਲੇ ਦੰਦਾਂ ਦਾ ਅੰਦਰਲਾ ਹਿੱਸਾ, ਬੁੱਲ੍ਹ ਤੇ ਜੀਭ। ਇਹ ਸਾਰੇ ਅੰਗਾਂ ਦਾ ਬਰੀਕੀ ਨਾਲ ਅਧਿਐਨ ਕਰਨਾ ਡਾਕਟਰੀ ਪੜ੍ਹਾਈ ਦਾ ਅਹਿਮ ਹਿੱਸਾ ਹੈ।

ਜੇ ਇਹ ਸਭ ਠੀਕ ਹੈ ਤਾਂ ਕਿਸੇ ਡਾਕਟਰ ਵੱਲੋਂ ਬੋਲੀ ਉੱਤੇ ਲਿਖਣਾ ਤੇ ਉਸਦਾ ਬੱਚੇ ਉੱਤੇ ਪੈਂਦੇ ਮਾਨਸਿਕ ਪ੍ਰਭਾਵ ਨੂੰ ਘੋਖਣਾ ਜਾਇਜ਼ ਹੈ।

ਇਸੇ ਲਈ ਮੈਂ ਬੱਚਿਆਂ ਦੀ ਡਾਕਟਰ ਹੁੰਦੇ ਹੋਏ ਇਹ ਵਿਸ਼ਾ ਚੁਣਿਆ ਹੈ, ਕਿਉਂਕਿ ਬੱਚੇ ਦੀ ਸ਼ਖ਼ਸੀਅਤ ਉਭਾਰਨ ਵਿਚ ਮਾਂ-ਬੋਲੀ ਇਹ ਅਹਿਮ ਰੋਲ ਅਦਾ

ਕਰਦੀ ਹੈ। ਆਪਣੀ ਮਾਂ-ਬੋਲੀ ਨੂੰ ਨੀਵਾਂ ਸਮਝਣ ਵਾਲੇ ਆਪਣੇ ਆਪ ਨੂੰ ਵੀ ਹੀਣ ਸਮਝਣ ਲੱਗ ਪੈਂਦੇ ਹਨ ਤੇ ਆਪਣੇ ਸੱਭਿਆਚਾਰ ਤੇ ਪਿਛੋਕੜ ਨੂੰ ਵੀ।

ਮੈਨੂੰ ਆਪਣੀ ਮਾਂ-ਬੋਲੀ ਉੱਤੇ ਫ਼ਖ਼ਰ ਹੈ ਤੇ ਮੈਂ ਇਸ ਨੂੰ ਦੁਨੀਆ ਦੇ ਹਰ ਕੋਨੇ ਤਕ ਫੈਲਦੀ ਤੇ ਛਲਾਂਗਾਂ ਮਾਰਦੀ ਉਤਾਂਹ ਚੜ੍ਹਦੀ ਵੇਖਣਾ ਚਾਹੁੰਦੀ ਹਾਂ। ਇਸੇ ਲਈ ਮਾਂ-ਬੋਲੀ ਦੇ ਹਰ ਪਹਿਲੂ ਨੂੰ ਘੋਖ ਕੇ ਮੈਂ ਹਰ ਉਸ ਪੰਜਾਬੀ ਦੀ ਜ਼ਮੀਰ ਨੂੰ ਹਲੂਣ ਦੇਣਾ ਚਾਹੁੰਦੀ ਹਾਂ, ਜਿਸ ਦੇ ਦਿਲ ਵਿਚ ਪੰਜਾਬ, ਪੰਜਾਬੀ ਤੇ ਪੰਜਾਬੀਅਤ ਬਾਰੇ ਰਤਾ ਵੀ ਪੀੜ ਹੈ।

ਮੈਨੂੰ ਮਾਣ ਹੈ ਕਿ ਮੈਂ ਉਸ ਪਿਓ ਦੀ ਧੀ ਹਾਂ, ਜਿਸ ਨੇ ਜ਼ਿੰਦਗੀ ਭਰ ਪੰਜਾਬੀ ਬੋਲੀ ਦੇ ਹੱਕ ਵਿਚ ਹਿੱਕ ਤਾਣ ਕੇ ਹਰ ਮੁਸੀਬਤ ਝੱਲੀ ਹੈ ਤੇ ਆਪਣੀ ਕਮਾਣ ਨਹੀਂ ਛੱਡੀ। ਮੈਂ ਉਸੇ ਝੰਡਾ-ਬਰਦਾਰ ਦਾ ਪਰਛਾਵਾਂ ਹਾਂ ਤੇ ਉਹੀ ਝੰਡਾ ਲਹਿਰਾਉਣ ਦੀ ਮੈਂ ਵੀ ਕਸਮ ਖਾਧੀ ਹੈ।

ਮੈਂ ਸ਼ੁਕਰਗੁਜ਼ਾਰ ਹਾਂ ਸ: ਗੁਰਿੰਦਰ ਸਿੰਘ ਢੱਟ ਜੀ ਦਾ, ਜਿਨ੍ਹਾਂ ਨੇ ਨਿਊਜ਼ੀਲੈਂਡ ਵਿਚ ਬੈਠ ਕੇ ਵੀ ਮੈਨੂੰ ਹੱਲਾ-ਸ਼ੇਰੀ ਦੇਣੀ ਜਾਰੀ ਰੱਖੀ ਤਾਂ ਜੋ ਮੈਂ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਸਕਾਂ। ਹੋਰ ਵੀ ਅਨੇਕ ਐਨ.ਆਰ.ਆਈ. ਵੀਰ ਭੈਣ, ਜਿਹੜੇ ਸਮੇਂ ਸਮੇਂ ਸਿਰ ਮੇਰੀ ਹਿੰਮਤ ਵਧਾਉਂਦੇ ਰਹਿੰਦੇ ਹਨ, ਦਾ ਵੀ ਸ਼ੁਕਰੀਆ ਕੀਤੇ ਬਗ਼ੈਰ ਮੈਂ ਨਹੀਂ ਰਹਿ ਸਕਦੀ।

ਮੈਂ ਸ਼ੁਕਰਗੁਜ਼ਾਰ ਹਾਂ, ਉਨ੍ਹਾਂ ਪੰਜਾਬੀਆਂ ਦੀ ਵੀ, ਜਿਨ੍ਹਾਂ ਨੇ ਆਪਣੀ ਮਿੱਠੀ ਮਾਂ-ਬੋਲੀ ਨੂੰ ਇਉਂ ਵਗਾਹ ਸੁੱਟਿਆ ਹੈ, ਜਿਵੇਂ ਅੱਖਾਂ ਵਿੱਚੋਂ ਹੰਝੂ, ਕਿਉਂਕਿ ਉਨ੍ਹਾਂ ਨੂੰ ਜਗਾਉਣ ਸਦਕਾ ਹੀ ਇਹ ਕਿਤਾਬ ਹੋਂਦ ਵਿਚ ਆਈ ਹੈ।

ਪੰਜਾਬ ਦੇ ਚੋਟੀ ਦੇ ਭਾਸ਼ਾ-ਸ਼ਾਸਤਰੀ ਡਾ. ਟੀ.ਆਰ. ਸ਼ਰਮਾ ਜੀ ਨੇ ਮੇਰੀ ਕਿਤਾਬ ਨੂੰ ਪਰੀਚਿਤ ਕਰਵਾਉਣ ਦੀ ਖੇਚਲ ਕਰ ਕੇ ਇਸ ਕਿਤਾਬ ਨੂੰ ਭਾਗ ਲਾ ਦਿੱਤੇ ਹਨ।

ਮੈਂ ਕਿਵੇਂ ਭੁੱਲ ਸਕਦੀ ਹਾਂ ਆਪਣੇ ਭਾਪਾ ਜੀ ਦੀ ਲਗਾਤਾਰ ਮਿਲਦੀ ਹੱਲਾ-ਸ਼ੇਰੀ, ਜਿਸ ਤੋਂ ਬਿਨਾਂ ਮੇਰਾ ਲੇਖਿਕਾ ਵਾਲਾ ਵਜੂਦ ਹੀ ਅਧੂਰਾ ਸੀ। ਮੇਰੇ ਪਤੀ ਡਾ. ਗੁਰਪਾਲ ਸਿੰਘ ਤੇ ਬੱਚੇ ਸੁਖਮਨੀ ਤੇ ਨਾਨਕਜੋਤ ਦੇ ਪਿਆਰ ਦੁਲਾਰ ਸਦਕਾ ਮੈਨੂੰ ਆਪਣੇ ਰੁਝੇਵਿਆਂ ਭਰੇ ਵਕਤ ਵਿਚ ਥਕੇਵਾਂ ਮਹਿਸੂਸ ਹੀ ਨਹੀਂ ਹੋਇਆ ਤੇ ਇਸ ਕਿਤਾਬ ਦਾ ਕੰਮ ਬਿਨਾਂ ਰੁਕੇ ਪੂਰਾ ਹੋ ਗਿਆ।

ਅੰਤ ਵਿਚ ਇਸ ਮੌਕੇ ਦਾ ਫ਼ਾਇਦਾ ਉਠਾ ਕੇ ਮੈਂ ਆਪਣੀ ਸਵਰਗਵਾਸੀ ਮਾਂ ਦਾ ਵੀ ਸ਼ੁਕਰੀਆ ਕਰਦੀ ਹਾਂ, ਜਿਸ ਨੇ ਮੈਨੂੰ ਏਨੀ ਪਿਆਰੀ ਤੇ ਏਨੀ ਮਿੱਠੀ ਜ਼ਬਾਨ ਨਾਲ ਧਨੀ ਕਰ ਦਿੱਤਾ ਹੈ।

ਮੈਂ ਇੱਥੇ ਜਲੰਧਰ ਤੋਂ ਨਿਕਲਦੇ ਰੋਜ਼ਾਨਾ ਅਖ਼ਬਾਰ *ਅਜੀਤ* ਦੇ ਮੁਖ ਸੰਪਾਦਕ ਸ: ਬਰਜਿੰਦਰ ਸਿੰਘ ਹਮਦਰਦ ਜੀ ਦਾ ਸ਼ੁਕਰੀਆ ਕਰਨਾ ਨਹੀਂ ਭੁੱਲ ਸਕਦੀ, ਕਿਉਂਕਿ

ਉਨ੍ਹਾਂ ਨੇ ਮੇਰੇ ਲੇਖਾਂ ਨੂੰ ਆਪਣੇ ਅਖ਼ਬਾਰ ਵਿਚ ਥਾਂ ਦੇ ਕੇ ਸਾਰੀ ਦੁਨੀਆ ਵਿਚ ਪਹੁੰਚਾਇਆ। ਪੰਜਾਬੀ ਵਿਚ ਛਪਦਾ ਉਨ੍ਹਾਂ ਦਾ ਅਖ਼ਬਾਰ ਵਿਦੇਸ਼ਾਂ ਵਿਚ ਬੈਠੇ ਆਪਣੇ ਭੈਣ-ਭਰਾਵਾਂ ਨਾਲ ਸਾਂਝ ਬਣਾਉਣ ਦਾ ਸਾਧਨ ਬਣ ਚੁੱਕਾ ਹੈ।

ਜਿਸ ਜ਼ਾਤੀ ਧਿਆਨ ਨਾਲ ਸ: ਗੁਰਸਾਗਰ ਸਿੰਘ ਜੀ ਨੇ ਇਸ ਕਿਤਾਬ ਦੀ ਦੱਖ ਉਘਾੜੀ ਹੈ, ਇਸ ਲਈ ਮੈਂ ਉਨ੍ਹਾਂ ਦਾ ਵੀ ਧੰਨਵਾਦ ਕਰਦੀ ਹਾਂ।

ਡਾ. ਹਰਬਿੰਦਰ ਕੌਰ
ਐਮ.ਡੀ.
(ਬੱਚਿਆਂ ਦੀ ਮਾਹਿਰ)

ਮੁਖਬੰਧ

ਮਾਂ-ਬੋਲੀ ਦੀ ਸੁਰੱਖਿਆ ਤੇ ਵਿਕਾਸ ਲਈ ਇਕ ਹੋਰ ਤਕੜਾ ਹਲੂਣਾ

ਇਹ ਤੱਥ ਹੁਣ ਪ੍ਰਮਾਣਿਤ ਹੋ ਚੁੱਕਾ ਹੈ ਕਿ ਸੰਸਾਰ ਵਿਚ 6800 ਜ਼ਬਾਨਾਂ ਵਿੱਚੋਂ ਹਰ ਪੰਦਰਾਂ ਦਿਨਾਂ ਬਾਅਦ ਇਕ ਜ਼ਬਾਨ ਮਰ ਜਾਂਦੀ ਹੈ। ਤਕਰੀਬਨ 400 ਅਜਿਹੀਆਂ ਜ਼ਬਾਨਾਂ ਦੀ ਪਛਾਣ ਕਰ ਲਈ ਗਈ ਹੈ, ਜੋ ਜਲਦੀ ਵਿਨਾਸ਼ ਵੱਲ ਵਧ ਰਹੀਆਂ ਹਨ। ਜਦੋਂ ਵੀ ਕਿਸੇ ਭਾਸ਼ਾ ਦੇ ਬੋਲਣ ਵਾਲਿਆਂ ਦੀ ਸੰਖਿਆ ਘਟਣੀ ਸ਼ੁਰੂ ਹੋ ਜਾਂਦੀ ਹੈ ਤੇ ਕਿਸੇ ਭਾਸ਼ਾ ਦੀ ਵਰਤੋਂ ਦਾ ਘੇਰਾ ਘਟਣਾ ਸ਼ੁਰੂ ਹੋ ਜਾਂਦਾ ਹੈ ਤਾਂ ਉਸ ਭਾਸ਼ਾ ਦੇ ਮੁਕਾਬਲੇ ਵਿਚ ਕੋਈ ਹੋਰ ਭਾਸ਼ਾ ਆ ਖੜੀ ਹੁੰਦੀ ਹੈ, ਜਿਸ ਦੀ ਸੱਚੀ-ਝੂਠੀ ਪ੍ਰਸੰਸਾ ਸਰਕਾਰ ਦੇ ਨਾਲ ਨਾਲ ਅਗਿਆਨ ਅਤੇ ਜਜ਼ਬਿਆਂ ਦੇ ਸ਼ਿਕਾਰ ਹੋਏ ਲੋਕ ਵੀ ਕਰਨਾ ਸ਼ੁਰੂ ਕਰ ਦੇਂਦੇ ਹਨ। ਇਸ ਤਰ੍ਹਾਂ ਲੋਕਾਂ ਦੀ ਮੌਲਿਕ ਮੁੱਢਲੀ ਮਾਂ-ਬੋਲੀ ਅਖਵਾਉਣ ਵਾਲੀ ਲੋਕ-ਭਾਸ਼ਾ ਦਾ ਪਤਨ ਸ਼ੁਰੂ ਹੋ ਜਾਂਦਾ ਹੈ। ਇਹ ਠੀਕ ਹੈ ਕਿ ਜ਼ਬਾਨ ਨੂੰ ਲੁਪਤ ਹੋਣ ਲਈ ਕੁੱਝ ਵਰ੍ਹੇ ਲੱਗ ਜਾਂਦੇ ਹਨ, ਪਰ ਇਹ ਵੀ ਨਿਸ਼ਚਿਤ ਤੱਥ ਹੈ ਕਿ ਸੰਸਕ੍ਰਿਤ ਵਰਗੀ ਸੰਪੰਨ ਤੇ ਹਰ ਤਰ੍ਹਾਂ ਨਾਲ ਮੁਕੰਮਲ ਭਾਸ਼ਾ ਵੀ ਮਰ ਜਾਂਦੀ ਹੈ।

ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਦੇ ਅਨੁਸਾਰ ਸੰਸਾਰ ਦੀਆਂ ਭਾਸ਼ਾਵਾਂ ਵਿਚ ਇਸ ਦਾ 13ਵਾਂ ਨੰਬਰ ਹੈ। ਇਸ ਭਾਸ਼ਾ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ ਵੀ ਕਾਫ਼ੀ ਹੈ। ਇਹ ਭਾਸ਼ਾ ਅੰਗਰੇਜ਼ੀ ਤੋਂ ਵੀ ਪੁਰਾਣੀ ਭਾਸ਼ਾ ਹੈ ਅਤੇ ਇਸ ਦੇ ਬੋਲਣ ਵਾਲੇ ਸਾਰੇ ਸੰਸਾਰ ਵਿਚ ਫੈਲ ਗਏ ਹਨ। ਇਸ ਭਾਸ਼ਾ ਕੋਲ ਨਰੋਆ ਸਾਹਿਤ ਵੀ ਹੈ, ਪਰ ਇਹ ਮੰਨਣਾ ਪਵੇਗਾ ਕਿ ਪੰਜਾਬੀ ਬੋਲਣ ਵਾਲੇ ਦੁਨੀਆ ਦੇ ਹਰ ਖਿੱਤੇ ਵਿਚ ਪਸਰ ਗਏ ਹਨ, ਫੇਰ ਵੀ ਉਹ ਆਪਣੀ ਮਾਤ-ਬੋਲੀ ਦੀ ਵਰਤੋਂ ਦੇ ਘੇਰੇ ਵਿਚ ਕੋਈ ਖ਼ਾਸ ਵਾਧਾ ਨਹੀਂ ਕਰ ਰਹੇ। ਕੁੱਝ ਕੁ ਦੇਸਾਂ ਵਿਚ ਪੰਜਾਬੀਆਂ ਨੇ ਪੰਜਾਬੀ ਦੇ ਵਿਕਾਸ ਦੀਆਂ ਸੰਸਥਾਵਾਂ ਸਥਾਪਿਤ ਕੀਤੀਆਂ ਹਨ, ਅਖ਼ਬਾਰਾਂ ਅਤੇ ਮੈਗਜ਼ੀਨ ਆਦਿ ਵੀ ਕੱਢੇ ਹਨ ਤੇ ਗਾਹੇ-ਬਗਾਹੇ ਪੰਜਾਬੀ ਦੇ ਪ੍ਰਸਾਰ ਵਾਸਤੇ ਗੋਸ਼ਟੀਆਂ ਤੇ ਵਿਸ਼ੇਸ਼ ਸਮਾਗਮਾਂ ਦਾ ਆਯੋਜਨ ਵੀ ਕਰਦੇ ਰਹਿੰਦੇ ਹਨ, ਪਰ ਵੱਡੀਆਂ ਵੱਡੀਆਂ ਖ਼ਬਰਾਂ ਦੇ ਪਿੱਛੇ ਪੰਜਾਬੀ ਦੀ ਸੁਰੱਖਿਆ, ਇਸ ਦੀ ਮਜ਼ਬੂਤੀ ਤੇ ਇਸ ਦੇ ਪ੍ਰਸਾਰ ਦੀ ਦ੍ਰਿੜ੍ਹਤਾ ਘੱਟ ਵੱਧ ਹੀ ਹੁੰਦੀ ਹੈ।

ਜੇ ਪੰਜਾਬ ਦੀ ਗੱਲ ਕਰੀਏ ਤਾਂ ਸਰਕਾਰ ਤੇ ਯੂਨੀਵਰਸਿਟੀਆਂ ਦੇ ਵਿਦਵਾਨ

ਵੀ ਮਾਤ-ਭਾਸ਼ਾ ਉੱਤੇ ਕੀਤੇ ਜਾ ਰਹੇ ਅੰਗਰੇਜ਼ੀ ਭਾਸ਼ਾ ਦੇ ਹਮਲੇ ਨੂੰ ਸ਼ਹਿ ਦੇ ਰਹੇ ਹਨ। ਅਜਿਹਾ ਪ੍ਰਾਪੇਗੰਡਾ ਖੁੱਲ੍ਹਮ-ਖੁੱਲ੍ਹਾ ਕੀਤਾ ਜਾ ਰਿਹਾ ਹੈ ਕਿ ਚੰਗਾ ਜੀਵਨ ਜਿਊਣ ਲਈ, ਤਰੱਕੀ ਕਰਨ ਲਈ, ਅਤੀ ਆਧੁਨਿਕ ਗਿਆਨ ਪ੍ਰਾਪਤ ਕਰਨ ਲਈ, ਨੌਕਰੀ ਲੈਣ ਲਈ, ਵਪਾਰ ਜਾਂ ਕੋਈ ਵੀ ਧੰਦਾ ਕਾਮਯਾਬੀ ਨਾਲ ਕਰਨ ਲਈ, ਆਪਣਾ ਸਟੇਟਸ ਉੱਚਾ ਕਰਨ ਲਈ, ਵਿਦੇਸ਼ਾਂ ਨਾਲ ਸੰਪਰਕ ਕਰਨ ਲਈ, ਵਿਗਿਆਨ ਅਤੇ ਸੂਚਨਾ ਤਕਨਾਲੋਜੀ ਦੀ ਜਾਣਕਾਰੀ ਲੈਣ ਲਈ ਅੰਗਰੇਜ਼ੀ ਦਾ ਜਾਨਣਾ, ਅੰਗਰੇਜ਼ੀ ਦਾ ਬੋਲਣਾ, ਅੰਗਰੇਜ਼ੀ ਦਾ ਲਿਖਣਾ ਬੜਾ ਜ਼ਰੂਰੀ ਹੈ ਤੇ ਅੰਗਰੇਜ਼ੀ ਦੀ ਵਰਤੋਂ ਤੇ ਅੰਗਰੇਜ਼ੀ ਦੀ ਪੜ੍ਹਾਈ ਬਚਪਨ ਤੋਂ ਹੀ ਸ਼ੁਰੂ ਕਰ ਦੇਣੀ ਚਾਹੀਦੀ ਹੈ।

ਪੰਜਾਬ ਵਿਚ ਤਾਂ ਸਰਕਾਰ ਨੇ ਪਹਿਲੀ ਜਮਾਤ ਤੋਂ ਹੀ ਅੰਗਰੇਜ਼ੀ ਦੀ ਪੜ੍ਹਾਈ ਲਾਜ਼ਮੀ ਤੌਰ 'ਤੇ ਸ਼ੁਰੂ ਕਰ ਦਿੱਤੀ ਹੈ। ਹੁਣ ਤਾਂ ਪ੍ਰਾਪੇਗੰਡਾ ਕੀਤਾ ਜਾ ਰਿਹਾ ਹੈ ਕਿ ਅੰਗਰੇਜ਼ੀ ਨੂੰ ਸਿੱਖਿਆ ਦੇ ਮਾਧਿਅਮ ਵਜੋਂ ਵਰਤਿਆ ਜਾਵੇ ਤੇ ਸਰਕਾਰ ਆਪ ਵੀ ਇਸ ਦਿਸ਼ਾ ਵਿਚ ਵਧ ਰਹੀ ਹੈ। ਸਰਕਾਰੀ ਮਾਡਲ ਸਕੂਲਾਂ ਵਿਚ ਅੰਗਰੇਜ਼ੀ ਨੂੰ ਨਰਸਰੀ ਜਮਾਤ ਤੋਂ ਹੀ ਮਾਧਿਅਮ ਬਣਾ ਦਿੱਤਾ ਹੈ। ਹੋਰ ਤਾਂ ਹੋਰ, ਕੌਮੀ ਕਰੀਕੁਲਮ ਨਿਰਮਾਣ ਕਮੇਟੀ ਨੇ ਵੀ ਪ੍ਰਾਇਮਰੀ ਸ਼੍ਰੇਣੀਆਂ ਵਿਚ ਬਹੁ-ਭਾਸ਼ਾ-ਵਾਦ ਦੀ ਵਕਾਲਤ ਕੀਤੀ ਹੈ। ਇਹ ਕੌਮੀ ਪੱਧਰ ਦੀ ਕਮੇਟੀ ਵੀ ਤਕੜਾਈ ਨਾਲ ਨਹੀਂ ਕਹਿ ਸਕੀ ਕਿ ਮੁੱਢਲੀਆਂ ਜਮਾਤਾਂ ਵਿਚ ਤਾਂ ਕੋਈ ਵਿਦੇਸ਼ੀ ਭਾਸ਼ਾ ਨਹੀਂ ਪੜ੍ਹਾਉਣੀ ਚਾਹੀਦੀ, ਜਿਵੇਂ ਕਿ ਸਾਰੀ ਦੁਨੀਆ ਦੇ ਸਕੂਲਾਂ ਵਿਚ ਹੁੰਦਾ ਹੈ। ਇਹ ਕੌਮੀ ਪੱਧਰ ਦੀ ਕਮੇਟੀ ਵੀ ਮਜ਼ਬੂਤੀ ਨਾਲ ਨਹੀਂ ਕਹਿ ਸਕੀ ਕਿ ਵਿਦੇਸ਼ੀ ਭਾਸ਼ਾ ਪ੍ਰਾਇਮਰੀ ਸਕੂਲਾਂ ਵਿਚ ਸਿੱਖਿਆ ਦਾ ਮਾਧਿਅਮ ਨਹੀਂ ਹੋਣੀ ਚਾਹੀਦੀ। ਪੰਜਾਬ ਵਿਚ ਹੀ ਤਕਰੀਬਨ 24000 ਅਜਿਹੇ ਪ੍ਰਾਈਵੇਟ ਸਕੂਲ ਹਨ, ਜੋ ਸਕੂਲ ਦੇ ਗੇਟ 'ਤੇ ਹੀ ਖ਼ਾਸ ਤਖ਼ਤੀ ਲਿਖ ਕੇ ਲਟਕਾਉਂਦੇ ਹਨ ਕਿ "ਇੱਥੇ ਸਿੱਖਿਆ ਦਾ ਮਾਧਿਅਮ ਅੰਗਰੇਜ਼ੀ ਹੈ"। ਇਸ ਤਖ਼ਤੀ 'ਤੇ ਉਹ ਫ਼ਖ਼ਰ ਮਹਿਸੂਸ ਕਰਦੇ ਹਨ, ਹਾਲਾਂਕਿ ਇਹ ਲਾਹਨਤ ਦਾ ਵਿਸ਼ਾ ਹੋਣਾ ਚਾਹੀਦਾ ਹੈ।

ਕਾਲਜਾਂ ਦੇ ਮੁੰਡੇ-ਕੁੜੀਆਂ ਵਿਦਿਅਕ ਸੰਸਥਾਵਾਂ ਵਿਚ ਵੀ ਤੇ ਬਾਹਰ ਵੀ, ਘਰਾਂ ਵਿਚ ਵੀ ਤੇ ਬੱਸਾਂ-ਗੱਡੀਆਂ ਵਿਚ ਵੀ, ਚਿੱਠੀਆਂ ਵਿਚ ਵੀ ਤੇ ਟੈਲੀਫ਼ੋਨ ਕਰਦੇ ਵੀ ਅੰਗਰੇਜ਼ੀ ਦੀ ਵਰਤੋਂ ਕਰਦੇ ਹਨ ਤੇ ਅਜਿਹਾ ਕਰਨ ਨੂੰ ਫ਼ਖ਼ਰ ਵਾਲੀ ਗੱਲ ਸਮਝਦੇ ਹਨ। ਕਾਲਜਾਂ ਅਤੇ ਯੂਨੀਵਰਸਿਟੀਆਂ, ਜਿੱਥੇ ਭਾਗੀਦਾਰੀ ਕੇਵਲ ਪੰਜਾਬੀਆਂ ਦੀ ਹੀ ਹੁੰਦੀ ਹੈ, ਵਿਚ ਵੀ ਗੋਸ਼ਟੀਆਂ ਅਤੇ ਕਾਨਫ਼ਰੰਸਾਂ ਦਾ ਮਾਧਿਅਮ ਅੰਗਰੇਜ਼ੀ ਹੁੰਦਾ ਹੈ। ਜ਼ਾਹਿਰ ਹੈ ਕਿ ਪੰਜਾਬੀ ਹੀ ਆਪਣੀ ਮਾਂ-ਬੋਲੀ ਨੂੰ ਜਾਣ-ਬੁੱਝ ਕੇ ਤਿਲਾਂਜਲੀ ਦੇ ਰਹੇ ਹਨ। ਭਾਸ਼ਾਵਾਂ ਬਾਰੇ ਯੂਨੈਸਕੋ ਦੀ ਰਿਪੋਰਟ ਵਿਚ ਸਪਸ਼ਟ ਲਿਖਿਆ ਹੈ ਕਿ ਉਹ ਜ਼ਬਾਨ ਮਰ ਜਾਂਦੀ ਹੈ, ਜਿਸ ਦਾ ਤਿਆਗ ਉਸ ਭਾਸ਼ਾ ਨੂੰ ਬੋਲਣ ਵਾਲੇ ਹੀ ਕਰ ਦੇਂਦੇ ਹਨ (Most languages disappear because their speakers

voluntarily abandon them)। ਪੰਜਾਬ ਵਿਚ ਅਜਿਹਾ ਵਾਪਰ ਰਿਹਾ ਹੈ, ਇਸ ਝੁਕਾਅ ਦਾ ਵਿਰੋਧ ਹੋਣਾ ਚਾਹੀਦਾ ਹੈ।

ਮੈਂ ਕਿਸੇ ਤਰ੍ਹਾਂ ਦੀ ਅੰਗਰੇਜ਼ੀ ਦੀ ਪੜ੍ਹਾਈ ਦਾ ਵਿਰੋਧੀ ਨਹੀਂ ਹਾਂ, ਨਾ ਕੋਈ ਸਿੱਖਿਆ-ਸ਼ਾਸਤਰੀ ਅਜਿਹਾ ਕਰੇਗਾ। ਪਰੰਤੂ ਵਿਦੇਸ਼ੀ ਭਾਸ਼ਾ ਦੀ ਪੜ੍ਹਾਈ ਉਸ ਵੇਲੇ ਸ਼ੁਰੂ ਹੋਣੀ ਚਾਹੀਦੀ ਹੈ, ਜਦੋਂ ਬੱਚੇ ਮਾਤ-ਭਾਸ਼ਾ 'ਤੇ ਚੋਖਾ ਅਧਿਕਾਰ ਪ੍ਰਾਪਤ ਕਰ ਲੈਣ। ਸਾਰੇ ਯੂਰਪ ਵਿਚ ਵਿਦੇਸ਼ੀ ਭਾਸ਼ਾ ਸੱਤਵੀਂ ਜਮਾਤ ਤੋਂ ਸ਼ੁਰੂ ਕੀਤੀ ਜਾਂਦੀ ਹੈ। ਅਮਰੀਕਾ ਵਿਚ ਵੀ ਵਿਦੇਸ਼ੀ ਭਾਸ਼ਾ ਜੂਨੀਅਰ ਸੈਕੰਡਰੀ ਪੱਧਰ 'ਤੇ ਸ਼ੁਰੂ ਕੀਤੀ ਜਾਂਦੀ ਹੈ।

ਸਾਨੂੰ ਇਹ ਵੀ ਵੇਖਣਾ ਚਾਹੀਦਾ ਹੈ ਕਿ ਕੇਵਲ ਸਾਹਿਤ ਰਾਹੀਂ ਹੀ ਮਾਤ-ਭਾਸ਼ਾ ਦਾ ਪ੍ਰਸਾਰ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕਿਸੇ ਬੋਲੀ ਨੂੰ ਅਮੀਰ ਬਣਾਇਆ ਜਾ ਸਕਦਾ ਹੈ। ਪੰਜਾਬੀ ਭਾਸ਼ਾ ਵਿਚ ਫ਼ਿਜ਼ਿਕਸ, ਕੈਮਿਸਟਰੀ, ਮਨੋ-ਵਿਗਿਆਨ, ਅਰਥ-ਸ਼ਾਸਤਰ ਆਦਿ ਦੇ ਗ੍ਰੰਥਾਂ ਦਾ ਵੀ ਹੋਣਾ ਜ਼ਰੂਰੀ ਹੈ। ਅਜਿਹਾ ਤਾਂ ਹੀ ਸੰਭਵ ਹੋਵੇਗਾ, ਜੇ ਸ਼ੁਰੂ ਦੀਆਂ ਜਮਾਤਾਂ ਵਿਚ ਸਿੱਖਿਆ ਦਾ ਮਾਧਿਅਮ ਮਾਤ-ਭਾਸ਼ਾ ਹੋਵੇ।

ਪੰਜਾਬੀ ਤੋਂ ਇਲਾਵਾ ਭਾਰਤ ਦੀਆਂ ਸਾਰੀਆਂ ਹੀ 18 ਦੀਆਂ 18 ਮਾਤ-ਭਾਸ਼ਾਵਾਂ ਨੂੰ ਅੰਗਰੇਜ਼ੀ ਤੋਂ ਖ਼ਤਰਾ ਹੈ। ਸਰਕਾਰਾਂ ਮਾਤ-ਭਾਸ਼ਾਵਾਂ ਦੀ ਸੁਰੱਖਿਆ ਕਰਨ ਲਈ (ਜਾਂ ਭਾਰਤ ਦੀ ਸੰਸਕ੍ਰਿਤੀ) ਦੀ ਸੰਭਾਲ ਲਈ ਯਤਨਸ਼ੀਲ ਨਹੀਂ ਹਨ।

ਭਾਰਤ ਸਰਕਾਰ ਨੇ ਭਾਰਤੀ ਭਾਸ਼ਾਵਾਂ ਦੀ ਵਰਤਮਾਨ ਸਥਿਤੀ ਤੇ ਭਾਸ਼ਾ ਅਧਿਆਪਨ ਦੇ ਮਿਆਰਾਂ ਨੂੰ ਜਾਨਣ ਵਾਸਤੇ ਦੋ ਕਦਮ ਚੁੱਕੇ ਹਨ, ਜੋ ਸ਼ਲਾਘਾਯੋਗ ਹਨ। ਪਹਿਲਾ ਕਦਮ ਹੈ, ਭਾਰਤ ਦੀਆਂ ਸਾਰੀਆਂ ਜ਼ਬਾਨਾਂ ਦਾ ਸਰਵੇਖਣ। ਗ਼ੌਰ ਤਲਬ ਹੈ ਕਿ ਭਾਰਤੀ ਭਾਸ਼ਾਵਾਂ ਦਾ ਇਕ ਮਾਤਰ ਸਰਵੇਖਣ ਜਾਰਜ ਗ੍ਰੀਅਰਸਨ ਨੇ 1927 ਵਿਚ 30 ਸਾਲ ਲਾ ਕੇ ਕੀਤਾ ਸੀ ਤੇ ਹੁਣ ਸਰਕਾਰ ਭਾਰਤ ਦੀਆਂ ਸਾਰੀਆਂ ਜ਼ਬਾਨਾਂ ਦੀ ਵਰਤਮਾਨ ਸਥਿਤੀ ਜਾਨਣਾ ਚਾਹੁੰਦੀ ਹੈ।

ਸਰਕਾਰ ਦਾ ਦੂਜਾ ਉੱਦਮ ਹੈ, ਭਾਸ਼ਾ ਪੜ੍ਹਾਉਣ ਦੇ ਢੰਗਾਂ ਦੀ ਗੁਣਵੱਤਾ ਦੀ ਪਰਖ ਵਾਸਤੇ ਕੌਮੀ ਟੈਸਟਿੰਗ ਸੇਵਾ ਕੇਂਦਰ ਦੀ ਸਥਾਪਨਾ। ਮੈਸੂਰ ਵਿਚ ਸਥਿਤ ਭਾਰਤੀ ਭਾਸ਼ਾਵਾਂ ਦੇ ਕੇਂਦਰੀ ਸੰਸਥਾਨ (C.J.I.L.) ਨੇ ਭਾਰਤੀ ਭਾਸ਼ਾਵਾਂ ਪੜ੍ਹਾਉਣ ਦੀਆਂ ਵਿਧੀਆਂ ਅਤੇ ਪ੍ਰਕ੍ਰਿਆਵਾਂ ਨੂੰ ਕਿਸੇ ਕੇਂਦਰੀ ਪਰਖ ਸੰਸਥਾ ਰਾਹੀਂ ਕੰਟਰੋਲ ਕਰ ਕੇ ਉਨ੍ਹਾਂ ਦੀ ਗੁਣਵੱਤਾ ਨੂੰ ਮਿਆਰੀ ਬਣਾਉਣ ਵਾਸਤੇ ਇਕ ਨੈਸ਼ਨਲ ਟੈਸਟਿੰਗ ਸਰਵਿਸ ਸੈਂਟਰ ਸਥਾਪਿਤ ਕੀਤਾ ਹੈ। ਕੇਂਦਰੀ ਸੰਸਥਾਨ ਨੇ ਸਕੂਲਾਂ ਅਤੇ ਕਾਲਜਾਂ ਵਿਚ ਭਾਸ਼ਾਵਾਂ ਪੜ੍ਹਾਉਣ ਵਾਸਤੇ ਸਿਲੇਬਸ ਵੀ ਤਿਆਰ ਕੀਤੇ ਹਨ। ਇਹ ਨੈਸ਼ਨਲ ਟੈਸਟਿੰਗ ਸੇਵਾ ਸੈਂਟਰ ਅਮਰੀਕਾ ਵਿਚ ਸਥਿਤ ਸੈਂਟਰ ਦੇ ਮਾਡਲ ਨੂੰ ਸਾਹਮਣੇ ਰੱਖ ਕੇ ਸਥਾਪਿਤ ਕੀਤਾ ਗਿਆ ਹੈ।

ਜਿਹੜੀਆਂ ਸਮੱਸਿਆਵਾਂ ਦਾ ਜ਼ਿਕਰ ਮੈਂ ਉਪਰ ਕੀਤਾ ਹੈ, ਇਨ੍ਹਾਂ ਦਾ ਸਮਾਧਾਨ ਇਸ ਪੁਸਤਕ ਵਿਚ ਵਿਸਤਾਰ ਨਾਲ ਕਰਨ ਦਾ ਜ਼ੋਰਦਾਰ ਯਤਨ ਹੈ।

ਇਸ ਪੁਸਤਕ ਦੀ ਲੇਖਿਕਾ ਹਰਸ਼ਿੰਦਰ ਕੌਰ ਐਮ.ਡੀ. ਨੂੰ ਤੇਜ਼ ਬੁੱਧੀ, ਵਿਦਵਤਾ, ਮਾਤ-ਭਾਸ਼ਾ ਲਈ ਪਿਆਰ ਤੇ ਸਤਿਕਾਰ ਅਤੇ ਪੰਜਾਬੀ ਪੜ੍ਹਨ ਤੇ ਲਿਖਣ ਦਾ ਚਾਅ ਵਿਰਸੇ ਵਿੱਚੋਂ ਹੀ ਮਿਲਿਆ ਹੈ। ਉਨ੍ਹਾਂ ਦੇ ਪਿਤਾ ਪ੍ਰੋਫ਼ੈਸਰ ਪ੍ਰੀਤਮ ਸਿੰਘ, ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਬਾਬਾ ਬੋਹੜ ਹਨ। ਉਹ ਵਿਸ਼ਵ ਪੱਧਰ ਦੇ ਵਿਖਿਆਤ ਚਿੰਤਕ, ਆਲੋਚਕ, ਬੁਲਾਰੇ ਤੇ ਲੇਖਕ ਹਨ। ਸੰਸਾਰ ਭਰ ਦੇ ਅਨੇਕਾਂ ਹੀ ਵਿਦਵਾਨਾਂ, ਲੇਖਕਾਂ ਤੇ ਖੋਜ ਕਰਤਿਆਂ ਨੇ ਉਨ੍ਹਾਂ ਦੀ ਅਗਵਾਈ ਹੇਠ ਅਦੁੱਤੀ ਪੱਧਰ ਦੀਆਂ ਰਚਨਾਵਾਂ ਨਾਲ ਗਿਆਨ ਦੇ ਭੰਡਾਰ ਵਿਚ ਲਾਸਾਨੀ ਕਿਸਮ ਦਾ ਵਾਧਾ ਕੀਤਾ ਹੈ ਤੇ ਅੱਜ ਵੀ ਇਸ ਦਿਸ਼ਾ ਵਿਚ ਮਜ਼ਬੂਤ ਪੈਰਾਂ 'ਤੇ ਤੁਰੀ ਜਾ ਰਹੇ ਹਨ। ਡਾਕਟਰ ਹਰਸ਼ਿੰਦਰ ਕੌਰ ਵੀ ਇਨ੍ਹਾਂ ਵਿਦਵਾਨਾਂ ਦੇ ਸਮੂਹ ਦੀ ਸੰਪੰਨ ਤੇ ਸਿਖਰਲੇ ਪੱਧਰ ਦੀ ਇਕ ਸਦੱਸਿਆ ਹੈ। ਉਨ੍ਹਾਂ ਦੀ ਕਲਮ ਦਿਲੋਂ ਵੀ ਲਿਖਦੀ ਹੈ, ਦਿਮਾਗ਼ੋਂ ਵੀ ਤੇ ਸਮਾਜੀ ਸਫ਼ਰ ਬਾਰੇ ਵੀ। ਉਨ੍ਹਾਂ ਦਾ ਪੇਸ਼ਾ ਡਾਕਟਰੀ ਹੈ, ਪਰ ਉਹ ਸਮਾਜ-ਸ਼ਾਸਤਰੀਆਂ, ਸਿੱਖਿਆ-ਸ਼ਾਸਤਰੀਆਂ ਤੇ ਭਾਸ਼ਾ-ਸ਼ਾਸਤਰੀਆਂ ਵਿਚ ਵੀ ਸਨਮਾਨ ਪ੍ਰਾਪਤੀ ਦੇ ਅਧਿਕਾਰੀ ਹਨ। ਉਨ੍ਹਾਂ ਨੇ ਬੱਚਿਆਂ ਅਤੇ ਉਨ੍ਹਾਂ ਦੀਆਂ ਤੇ ਉਨ੍ਹਾਂ ਦੇ ਮਾਪਿਆਂ ਦੀਆਂ ਲੋੜਾਂ ਨੂੰ ਨੇੜੇ ਹੋ ਕੇ ਵੇਖਿਆ ਤੇ ਸਮਝਿਆ ਹੈ। ਉਸ ਬਾਰੇ ਸਮਾਧਾਨ ਦੇ ਰੂਪ ਵਿਚ ਉਹ ਨਿਰੰਤਰ ਲਿਖਦੇ ਰਹਿੰਦੇ ਹਨ ਅਤੇ ਲੋਕ ਉਨ੍ਹਾਂ ਦੀਆਂ ਲਿਖਤਾਂ ਦੀ ਉਡੀਕ ਕਰਦੇ ਹਨ।

ਹੁਣ ਤਕ ਪੰਜਾਬੀ ਭਾਸ਼ਾ ਦੇ ਵਿਕਾਸ, ਅਧਿਆਪਨ ਅਤੇ ਪ੍ਰਗਤੀ ਦਾ ਬੀੜਾ ਪ੍ਰੋਫ਼ੈਸਰ ਪ੍ਰੀਤਮ ਸਿੰਘ, ਪ੍ਰੋਫ਼ੈਸਰ ਗੁਰਦਿਆਲ ਸਿੰਘ ਤੇ ਦਾਸ ਹੀ ਚੁੱਕਦੇ ਰਹੇ ਹਨ, ਜਿਨ੍ਹਾਂ ਨੂੰ ਕੀ ਕੁਝ ਨਹੀਂ ਸੁਣਨਾ ਪਿਆ, ਪਰ ਹੁਣ ਡਾਕਟਰ ਹਰਸ਼ਿੰਦਰ ਕੌਰ ਨੇ ਇਹ ਕੰਮ ਅੱਗੇ ਤੋਰਨ ਦੀ ਜ਼ਿੰਮੇਵਾਰੀ ਸੰਭਾਲੀ ਹੈ।

ਇਸ ਪੁਸਤਕ ਵਿਚ ਉਨ੍ਹਾਂ ਨੇ ਬੜੇ ਗੰਭੀਰ ਅੱਠ ਲੇਖ ਸ਼ਾਮਲ ਕੀਤੇ ਹਨ। ਪਹਿਲਾ ਲੇਖ (ਬੱਚੇ ਉੱਤੇ ਬੋਲੀ ਦਾ ਅਸਰ) ਉਨ੍ਹਾਂ ਨੂੰ ਸੰਬੋਧਨ ਹੈ, ਜੋ ਬੋਲੀ ਖ਼ਾਸ ਕਰ ਮਾਂ-ਬੋਲੀ ਬਾਰੇ ਅਨਜਾਣ ਹਨ ਜਾਂ ਮਚਲੇ ਹਨ ਜਾਂ ਮਾਂ-ਬੋਲੀ ਦੇ ਵਿਰੋਧੀ ਤੇ ਅੰਗਰੇਜ਼ੀ ਦੇ ਗ਼ੁਲਾਮ ਹਨ। ਦੂਜਾ ਲੇਖ (ਬਾਲ-ਸਾਹਿਤ ਕਿਵੇਂ ਦਾ ਹੋਵੇ) ਇਸੇ ਲੇਖ ਦਾ ਪ੍ਰਸਾਰ ਹੈ। ਇਨ੍ਹਾਂ ਦੋਵਾਂ ਲੇਖਾਂ ਦੀ ਪ੍ਰੋੜ੍ਹਤਾ ਲਈ ਹੀ ਉਨ੍ਹਾਂ ਦਾ ਖੋਜ-ਆਧਾਰਿਤ ਤੀਜਾ ਲੇਖ (ਬੋਲੀ ਬਾਰੇ ਵਿਗਿਆਨਕ ਤੱਥ) ਹੈ, ਜੋ ਮਾਂ-ਬੋਲੀ ਦੀ ਅਹਿਮੀਅਤ ਨੂੰ ਰੇਖਾਂਕਤ ਕਰਦਾ ਹੈ। ਚੌਥੇ ਲੇਖ ਵਿਚ ਉਹ ਨਿੱਕੇ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਨਾਲ ਪੜ੍ਹਾਉਣ ਦੇ ਭੈੜੇ ਨਤੀਜਿਆਂ 'ਤੇ ਪ੍ਰਕਾਸ਼ ਪਾਉਂਦੇ ਹਨ, ਇਕ ਬੜੀ ਹੀ ਕੌੜੀ ਹਕੀਕਤ ਨੂੰ ਬਿਆਨ ਕਰਦੇ ਹਨ ਤੇ ਬਿਆਨ ਬਹੁਤ ਹੀ ਸਜੀਵ ਹੈ ਤੇ ਦਿਲਾਂ ਨੂੰ ਹਲੂਣਦਾ ਹੈ। ਪੰਜਵੇਂ ਲੇਖ ਵਿਚ ਉਨ੍ਹਾਂ ਨੇ ਵੀ ਇਸਤਰੀ ਹਿਰਦੇ ਦੇ ਜ਼ੋਰੇ-ਅਸਰ ਪੰਜਾਬੀ ਦੀ ਪੰਜਾਬ ਵਿਚ ਹੋ ਰਹੀ ਦੁਰਦਸ਼ਾ ਬਾਰੇ ਅਥਰੂ ਕੇਰੇ ਹਨ। ਆਪਣੇ ਛੇਵੇਂ ਲੇਖ ਵਿਚ ਗਵਾਂਢੀ ਦੇਸ ਪਾਕਿਸਤਾਨ ਵਿਚ ਜਿੱਥੇ ਲੋਕਾਂ ਦੀ ਬੋਲੀ ਪੰਜਾਬੀ ਹੈ, ਪਰ ਜਿੱਥੇ

ਇਸ ਤੱਥ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ, ਪੰਜਾਬੀ ਦੀ ਸਥਿਤੀ ਬਿਆਨ ਕੀਤੀ ਹੈ। ਇਹ ਲੇਖ ਸਿਆਸਤ ਦੇ ਪੰਜਾਬੀ 'ਤੇ ਪੈ ਰਹੇ ਦੂਰ-ਪ੍ਰਭਾਵ ਨੂੰ ਪ੍ਰਗਟਾਉਂਦਾ ਹੈ।

ਪੁਸਤਕ ਵਿਚ ਅੰਤਲਾ ਲੇਖ ਪ੍ਰੋਫ਼ੈਸਰ ਪ੍ਰੀਤਮ ਸਿੰਘ ਹੁਰਾਂ ਦਾ ਹੈ। ਉਹ ਮੇਰੇ ਗੁਰੂ ਹਨ, ਇਸ ਲਈ ਮੈਂ ਉਸ ਉੱਤੇ ਕੋਈ ਵੀ ਟਿੱਪਣੀ ਕਰਨ ਤੋਂ ਅਸਮਰੱਥ ਹਾਂ। ਕੇਵਲ ਇੰਨਾ ਹੀ ਕਹਿ ਸਕਦਾ ਹਾਂ ਕਿ ਜੇ ਫਿਰ ਵੀ ਸਰਕਾਰ ਦੀ ਅੱਖ ਨਹੀਂ ਖੁੱਲ੍ਹਦੀ ਤਾਂ ਪੰਜਾਬ ਤੇ ਪੰਜਾਬੀ ਦੇ ਭਾਗ ਹੀ ਇਸ ਦਾ ਕਾਰਨ ਹਨ ਜਾਂ ਲੋਕਾਂ ਦੀ ਬੇਰੁਖ਼ੀ ਹੈ।

ਲੇਖਿਕਾ ਦੀ ਭਾਸ਼ਾ ਨੂੰ ਮੈਂ ਲੋਕ-ਭਾਸ਼ਾ ਕਹਿ ਸਕਦਾ ਹਾਂ, ਜੋ ਸਾਹਿਤਕ ਵੀ ਹੈ ਤੇ ਸਰਲ ਵੀ ਹੈ ਤੇ ਪਾਠਕਾਂ ਦੀ ਹੱਡਬੀਤੀ ਦਾ ਹੀ ਪ੍ਰਗਟਾਵਾ ਹੈ। ਜਿੱਥੋਂ ਤਕ ਉਨ੍ਹਾਂ ਦੀ ਬੱਚਿਆਂ ਦੀ ਭਾਸ਼ਾ ਦਾ ਸੁਆਲ ਹੈ; ਵਸਤੂ ਵਿਸ਼ਾ ਦੇ ਪੱਖੋਂ ਸਾਰੇ ਮਜ਼ਮੂਨ ਹੱਥਲੀ ਭਾਸ਼ਾ ਦੇ ਅਧਿਆਪਨ ਬਾਰੇ ਵਿਸ਼ਵ ਭਰ ਦੇ ਮਾਹਿਰਾਂ ਦੀ ਰਾਏ ਦਾ ਪ੍ਰਗਟਾਵਾ ਕਰਦੇ ਹਨ, ਜਿਨ੍ਹਾਂ ਦੇ ਪਿੱਛੇ ਦੀਆਂ ਠੋਸ ਦਲੀਲਾਂ ਦਾ ਵੀ ਜ਼ਿਕਰ ਹੈ।

ਇਹ ਪੁਸਤਕ ਸਮੇਂ ਦੀ ਲੋੜ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰਦੀ ਹੈ ਤੇ ਪਾਠਕਾਂ ਨੂੰ ਮਾਤ-ਭਾਸ਼ਾ ਨੂੰ ਇਸ ਦੀ ਬਣਦੀ ਥਾਂ ਦਿਵਾਉਣ ਲਈ ਯਤਨ ਕਰਨ ਦਾ ਪ੍ਰੇਰਨਾ-ਸ੍ਰੋਤ ਬਣਨ ਦੀ ਸੰਪੂਰਨ ਤੇ ਸ਼ਕਤੀ ਭਰਪੂਰ ਸਮਰੱਥਾ ਰੱਖਦੀ ਹੈ। ਲੇਖਿਕਾ ਨੂੰ ਮੈਂ ਇਸ ਪੱਖੋਂ ਵੀ ਵਧਾਈ ਦੇਣਾ ਚਾਹੁੰਦਾ ਹਾਂ ਕਿ ਨਿਰਸੰਦੇਹ ਉਨ੍ਹਾਂ ਦਾ ਵਿਵਸਾਇ ਡਾਕਟਰੀ ਹੈ, ਫਿਰ ਵੀ ਉਹ ਬੱਚਿਆਂ ਦੇ ਸੰਪੂਰਨ ਤੇ ਚੁਤਰਫ਼ਾ ਵਿਕਾਸ ਵਿਚ ਮਾਤ-ਭਾਸ਼ਾ ਦੀ ਭੂਮਿਕਾ ਤੋਂ ਪੂਰੀ ਤਰ੍ਹਾਂ ਸੁਚੇਤ ਤੇ ਜਾਣੂੰ ਹਨ ਤੇ ਉਹ ਪੰਜਾਬੀ ਭਾਸ਼ਾ ਨੂੰ ਉਸ ਦੇ ਗੌਰਵ ਦੇ ਅਨੁਸਾਰ ਹੀ ਢੁਕਵੇਂ ਸਿੰਘਾਸਨ 'ਤੇ ਬਿਠਾਉਣ ਬਾਰੇ ਯਤਨਸ਼ੀਲ ਹਨ।

ਮੈਨੂੰ ਪੂਰੀ ਆਸ ਹੈ ਕਿ ਪਾਠਕ ਇਸ ਪੁਸਤਕ ਦਾ ਸਵਾਗਤ ਕਰਨਗੇ। ਪੰਜਾਬੀ ਭਾਸ਼ਾ ਦੀ ਵਰਤਮਾਨ ਸਥਿਤੀ ਅਤੇ ਭਾਸ਼ਾ ਦੇ ਭਵਿੱਖ ਬਾਰੇ ਪ੍ਰੋਫ਼ੈਸਰ ਪ੍ਰੀਤਮ ਸਿੰਘ ਦੀ ਪ੍ਰਸਿੱਧ ਪੁਸਤਕ ***ਪੰਜਾਬੀ ਦੀਆਂ ਜੜ੍ਹਾਂ ਵਿਚ ਤੇਲ*** ਤੋਂ ਬਾਅਦ ਇਸ ਲੜੀ ਵਿਚ ਦੂਜੀ ਹੀ ਪੁਸਤਕ ਹੈ। ਇਸੇ ਕਲਮ ਤੋਂ ਇਸੇ ਹੀ ਵਿਸ਼ੇ 'ਤੇ ਮੈਂ ਲੇਖਿਕਾ ਕੋਲੋਂ ਕਿਉਂ ਦੇ ਨਾਲ ਨਾਲ ਕਿਵੇਂ ਬਾਰੇ ਇਕ ਹੋਰ ਪੁਸਤਕ ਦੀ ਆਸ ਕਰਦਾ ਹਾਂ। ਮੈਂ ਲੇਖਿਕਾ ਦੀ ਸ਼ੁਹਰਤ ਤੇ ਉਨ੍ਹਾਂ ਦੀ ਚੁਤਰਫ਼ਾ ਪ੍ਰਸਿੱਧੀ ਦੀ ਕਾਮਨਾ ਕਰਦਾ ਹਾਂ। ਅਜੇ ਉਨ੍ਹਾਂ ਦੀਆਂ ਪੂਰੀਆਂ ਸੰਭਾਵਨਾਵਾਂ ਸਾਡੇ ਸਾਹਮਣੇ ਉਨ੍ਹਾਂ ਦੀਆਂ ਰਚਨਾਵਾਂ ਰਾਹੀਂ ਨਹੀਂ ਪਹੁੰਚੀਆਂ।

ਵਿਨੀਤ

ਟੀ.ਆਰ. ਸ਼ਰਮਾ (ਡਾਕਟਰ)
ਪ੍ਰੋਫ਼ੈਸਰ, ਸਿੱਖਿਆ ਵਿਭਾਗ ਤੇ
ਡੀਨ ਫ਼ੈਕਲਟੀ ਆਫ਼ ਐਜੂਕੇਸ਼ਨ,
ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੇ
ਐਮੇਰਾਈਟਸ ਫ਼ੈਲੋ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

1
ਬੱਚੇ ਉੱਤੇ ਬੋਲੀ ਦਾ ਅਸਰ

ਜੰਗਲ ਰਾਜ ਦਾ ਇਕ ਦਸਤੂਰ ਹੁੰਦਾ ਹੈ ਕਿ ਉਹੀ ਬਚਦਾ ਹੈ, ਜਿਹੜਾ ਸਭ ਤੋਂ ਵੱਧ ਤਾਕਤਵਰ ਹੋਵੇ ਤੇ ਹਾਲਾਤ ਦੇ ਅਨੁਸਾਰ ਆਪਣੇ ਆਪ ਨੂੰ ਢਾਲ ਸਕਣ ਦੀ ਸਮਰੱਥਾ ਰੱਖਦਾ ਹੋਵੇ।

ਬਿਲਕੁਲ ਇਹੀ ਅਸੂਲ ਬੋਲੀ ਉੱਤੇ ਵੀ ਲਾਗੂ ਹੁੰਦਾ ਹੈ।

ਮਾਂ ਦੀ ਗੋਦ ਵਿਚ ਪਏ ਬੱਚੇ ਨੂੰ ਬੋਲੀ ਸਿੱਖਣ ਲਈ ਕਿਸੇ ਸਕੂਲ ਜਾਂ ਮਾਸਟਰ ਦੀ ਲੋੜ ਨਹੀਂ ਪੈਂਦੀ। ਉਸ ਨੇ ਮਾਂ ਦੇ ਬੁੱਲ੍ਹ ਹਿਲਦੇ ਵੇਖਣੇ ਹਨ, ਉਸ ਦੇ ਮੂੰਹੋਂ ਉਕਰੇ ਲਫ਼ਜ਼ ਸੁਣਨੇ ਹਨ ਤੇ ਉਸ ਦੇ ਦਿਮਾਗ਼ ਵੱਲ ਜਾਂਦੀਆਂ ਤਰੰਗਾਂ ਨੇ ਉਸ ਨੂੰ ਇਹ ਬੋਲੀ ਦਾ ਗੂੜ੍ਹ ਗਿਆਨ ਆਪੇ ਹੀ ਸਮਝਾ ਦੇਣਾ ਹੈ। ਇਹ ਬੋਲੀ ਬੱਚਾ ਕਿਵੇਂ ਆਪਣੇ ਆਪ ਹੀ ਸਿੱਖਦਾ ਹੈ ਤੇ ਕਿਵੇਂ ਬੋਲਣਾ ਸ਼ੁਰੂ ਕਰ ਦਿੰਦਾ ਹੈ, ਘਰ ਵਿਚ ਕਿਸੇ ਕੋਲ ਇਸ ਬਾਰੇ ਵਿਚਾਰ ਕਰਨ ਦਾ ਵਕਤ ਨਹੀਂ ਹੁੰਦਾ। ਬੱਚੇ ਨੇ ਮਾਂ-ਬੋਲੀ ਵਿਚ ਹੀ ਪਾਣੀ ਮੰਗਣਾ ਹੁੰਦਾ ਹੈ ਤੇ ਮਾਂ-ਬੋਲੀ ਵਿਚ ਹੀ ਆਪਣੀ ਪੀੜ ਬਾਰੇ ਦੱਸਣਾ ਹੁੰਦਾ ਹੈ। ਇਕ ਤਰ੍ਹਾਂ ਇਸ ਨੂੰ ਹੱਡੀਂ ਰਚਿਆ ਵੀ ਕਿਹਾ ਜਾ ਸਕਦਾ ਹੈ।

ਵਚਨ, ਬਹੁ-ਵਚਨ, ਨਾਂਵ, ਪੜਨਾਂਵ ਜਿਹੜੇ ਵੱਡੀਆਂ ਕਲਾਸਾਂ ਵਿਚ ਰਟਦਿਆਂ ਬੱਚੇ ਫ਼ੇਲ੍ਹ ਹੋ ਜਾਂਦੇ ਹਨ, ਕਿਵੇਂ ਪਹਿਲੇ ਦੋ ਤਿੰਨ ਸਾਲ ਦੀ ਉਮਰ ਵਿਚ ਆਪਣੇ ਆਪ ਹੀ ਬਿਨ ਸਿਖਾਏ ਬੱਚਿਆਂ ਦੀ ਸਮਝ ਵਿਚ ਆ ਜਾਂਦੇ ਹਨ, ਇਸ ਬਾਰੇ ਗ਼ੌਰ ਕਰੀਏ ਤਾਂ ਕੁੱਝ ਹੋਰ ਨੁਕਤੇ ਵੀ ਵੱਡਿਆਂ ਦੀ ਸਮਝ ਵਿਚ ਆਉਣ ਲੱਗ ਪੈਣਗੇ। ਇਕ ਗੱਲ ਤਾਂ ਸਾਫ਼ ਜ਼ਾਹਿਰ ਹੈ ਕਿ ਬੱਚੇ ਦੀ ਮੁੱਢਲੀ ਸਿੱਖਿਆ ਬੱਚੇ ਨੂੰ ਬਿਨਾਂ ਪੜ੍ਹਾਏ ਹੀ ਆਉਣੀ ਸ਼ੁਰੂ ਹੋ ਜਾਂਦੀ ਹੈ। ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਕੁੜੀ ਨਾਲ 'ਜਾਂਦੀ' ਅੱਖਰ ਹੀ ਲੱਗੇਗਾ ਅਤੇ ਮੁੰਡੇ ਨਾਲ 'ਜਾਂਦਾ'। ਇਹ ਵੀ ਉਹ ਝੱਟ ਸਮਝ ਲੈਂਦਾ ਹੈ ਕਿ ਇਕ ਪੰਛੀ 'ਉੱਡੇਗਾ' ਅਤੇ ਬਹੁਤ ਸਾਰੇ ਪੰਛੀ 'ਉੱਡਣਗੇ'।

ਜਦੋਂ ਬੱਚੇ ਨੂੰ ਸਕੂਲ ਵਿਚ ਪੜ੍ਹਨੇ ਪਾਇਆ ਜਾਂਦਾ ਹੈ ਤਾਂ ਜੇ ਅਧਿਆਪਕ ਵੀ ਉਸੇ ਮਾਂ-ਬੋਲੀ ਵਿਚ ਪੜ੍ਹਾ ਰਿਹਾ ਹੋਵੇ ਤਾਂ ਉਹ ਬੋਲੀ ਪਰਪੱਕ ਹੋ ਜਾਂਦੀ ਹੈ ਤੇ ਬੱਚੇ ਨੂੰ ਉਸ ਬੋਲੀ ਵਿਚ ਮਹਾਰਤ ਹਾਸਿਲ ਕਰਨ ਵਿਚ ਬਹੁਤਾ ਚਿਰ ਨਹੀਂ ਲੱਗਦਾ।

ਉਸ ਤੋਂ ਅਗਲੀ ਪੜ੍ਹਾਈ ਆਪਣੇ ਆਪ ਹੀ ਸੌਖੀ ਹੋ ਜਾਣੀ ਹੋਈ, ਕਿਉਂਕਿ

ਹਰ ਨਵੇਂ ਸ਼ਬਦ ਅਤੇ ਨਵੀਂ ਬੋਲੀ ਨੂੰ ਸਮਝਣ ਲਈ ਉਸ ਕੋਲ ਇਕ ਆਧਾਰ ਹੁੰਦਾ ਹੈ ਤੇ ਉਸ ਸ਼ਬਦ ਦਾ ਆਪਣੀ ਮਾਂ-ਬੋਲੀ ਵਿਚ ਤਰਜਮਾ ਕਰ ਕੇ ਬੱਚਾ ਫੱਟ ਨਵੀਂ ਚੀਜ਼ ਸਿੱਖ ਲੈਂਦਾ ਹੈ। ਇਸ ਤਰ੍ਹਾਂ ਉਸਦੇ ਦਿਮਾਗ਼ ਦੀ ਸਾਫ਼ ਸਲੇਟ ਉੱਤੇ ਉਕਰੇ ਮਾਂ-ਬੋਲੀ ਦੇ ਅੱਖਰ ਉਸ ਨੂੰ ਔਖੀ ਤੋਂ ਔਖੀ ਚੀਜ਼ ਵੀ ਸੌਖੇ ਤਰੀਕੇ ਸਮਝਣ ਵਿਚ ਮਦਦ ਕਰਦੇ ਹਨ।

ਮੇਰੇ ਕਹਿਣ ਦਾ ਭਾਵ ਇਹ ਹੈ ਕਿ ਜੇ ਮਾਂ-ਬੋਲੀ ਵਿਚ ਹੀ ਮੁੱਢਲੀ ਪੜ੍ਹਾਈ ਜਾਰੀ ਰਹੇ ਤਾਂ ਬੱਚੇ ਦਾ ਪੜ੍ਹਾਈ ਵਿਚ ਮਨ ਵੀ ਟਿਕਦਾ ਹੈ ਤੇ ਇਹ ਉਸਦੇ ਵਧਦੇ ਦਿਮਾਗ਼ ਦੇ ਵਧਣ ਫੁੱਲਣ ਲਈ ਸਹਾਈ ਵੀ ਹੁੰਦਾ ਹੈ। ਬੱਚੇ ਨੂੰ ਸਕੂਲ ਵਿਚ ਵੀ ਮਾਂ-ਬੋਲੀ ਸੁਣ ਕੇ ਅਪਣੱਤ ਜਿਹੀ ਲੱਗਦੀ ਹੈ ਤੇ ਉਹ ਸਕੂਲ ਵੀ ਛੇਤੀ ਹੀ ਬੈਠਣਾ ਸਿੱਖ ਲੈਂਦਾ ਹੈ ਅਤੇ ਆਪਣੀ ਬੋਲੀ ਬੋਲਣ ਵਾਲੇ ਕਿਸੇ ਹਾਣੀ ਨਾਲ ਦੋਸਤੀ ਵੀ ਗੰਢ ਲੈਂਦਾ ਹੈ।

ਇਸ ਤਰ੍ਹਾਂ ਸਕੂਲ ਦੇ ਮੁੱਢਲੇ ਦਿਨ ਲੰਘਾਉਣੇ ਬੱਚੇ ਲਈ ਅਤੇ ਮਾਪਿਆਂ ਲਈ ਸੁਖਾਲੇ ਹੋ ਜਾਂਦੇ ਹਨ। ਇਹ ਪਹਿਲੇ ਔਖੇ ਪੜਾਅ ਜੇ ਇਸ ਤਰ੍ਹਾਂ ਸੁਖਾਲੇ ਕਰ ਦਿੱਤੇ ਜਾਣ ਤਾਂ ਬੱਚੇ ਅੰਦਰ ਨਵੀਆਂ ਚੀਜ਼ਾਂ ਸਿੱਖਣ ਦਾ ਚਾਅ ਵਧਣਾ ਸ਼ੁਰੂ ਹੋ ਜਾਂਦਾ ਹੈ ਤੇ ਉਹ ਨਵੀਆਂ ਬੋਲੀਆਂ ਵੀ ਧੜਾਧੜ ਦਿਮਾਗ਼ੀ ਤੌਰ 'ਤੇ ਆਪਣੀ ਮਾਂ-ਬੋਲੀ ਵਿਚ ਤਰਜਮਾ ਕਰਕੇ ਸਿੱਖੀ ਤੁਰੀ ਜਾਂਦਾ ਹੈ।

ਇਸ ਮਾਂ-ਬੋਲੀ ਦਾ ਬੱਚੇ ਦੇ ਵਿਕਾਸ ਉੱਤੇ ਏਨਾ ਡੂੰਘਾ ਅਸਰ ਹੁੰਦਾ ਹੈ ਕਿ ਜਵਾਨ ਹੋ ਜਾਣ 'ਤੇ ਵੀ ਇਨਸਾਨ ਆਪਣੀਆਂ ਜੜ੍ਹਾਂ ਨੂੰ ਭੁੱਲਦਾ ਨਹੀਂ ਤੇ ਬੁਢੇਪਾ ਆ ਜਾਣ 'ਤੇ ਵੀ ਆਪਣੀ ਮਾਂ-ਬੋਲੀ ਤੇ ਆਪਣੇ ਜਨਮ-ਅਸਥਾਨ ਅਤੇ ਉਸ ਮਿੱਟੀ ਨਾਲ ਮੋਹ ਪਾਲੀ ਰੱਖਦਾ ਹੈ। ਉਸ ਨੂੰ ਆਪਣੀ ਮਾਂ-ਬੋਲੀ ਬੋਲਣ ਵਾਲਾ ਹਰ ਇਨਸਾਨ ਵਤਨੋਂ ਪਾਰ ਵੀ ਮਿਲ ਜਾਣ 'ਤੇ ਆਪਣਾ ਹੀ ਕੋਈ ਰਿਸ਼ਤੇਦਾਰ ਜਾਪਦਾ ਹੈ।

ਇਸ ਮਾਂ-ਬੋਲੀ ਸਦਕਾ ਦੇਸ-ਪ੍ਰੇਮ ਦੀ ਭਾਵਨਾ ਅਤੇ ਆਪਣੇ ਪਰਾਏ ਦਾ ਫ਼ਰਕ ਬੱਚੇ ਦੇ ਮਨ ਵਿਚ ਆਪਣੇ ਆਪ ਹੀ ਵੱਸ ਜਾਂਦਾ ਹੈ। ਉਸ ਨੂੰ ਆਪਣੀ ਬੋਲੀ ਦੀਆਂ ਗਾਲ੍ਹਾਂ ਵੀ ਮਿੱਠੀਆਂ ਲੱਗਦੀਆਂ ਹਨ, ਪਰ ਓਪਰੀ ਬੋਲੀ ਵਿਚ ਹਲਕੀ ਤਲਖ਼ ਆਵਾਜ਼ ਵੀ ਚੁੱਭਣ ਲੱਗ ਪੈਂਦੀ ਹੈ।

ਆਓ, ਹੁਣ ਦੂਸਰਾ ਪੱਖ ਵੇਖੀਏ। ਬੱਚੇ ਦੀ ਮਾਂ-ਬੋਲੀ ਦੇ ਉਲਟ ਉਸ ਨੂੰ ਸਕੂਲ ਵਿਚ ਨਵੇਂ ਮਾਹੌਲ ਵਿਚ, ਨਵੇਂ ਹਾਣੀਆਂ ਵਿਚ, ਕਿਸੇ ਐਸੀ ਜ਼ਬਾਨ ਵਿਚ ਬੁਲਾਇਆ ਜਾਏ, ਜਿਸ ਦੀ ਡੂੰਘਿਆਈ ਬਾਰੇ ਬੱਚੇ ਨੂੰ ਪੂਰਾ ਪਤਾ ਨਾ ਹੋਵੇ ਤਾਂ ਬੱਚਾ ਆਪਣੇ ਆਪ ਨੂੰ ਓਪਰਾ ਜਿਹਾ ਮਹਿਸੂਸ ਕਰਨ ਲੱਗ ਪੈਂਦਾ ਹੈ ਤੇ ਛੇਤੀ ਸਕੂਲ ਦੇ ਮਾਹੌਲ ਵਿਚ ਨਹੀਂ ਰਚਦਾ। ਨਤੀਜੇ ਵਜੋਂ, ਰੋਜ਼ ਸਕੂਲ ਰੋ ਪਿੱਟ ਕੇ ਜਾਣਾ ਸ਼ੁਰੂ ਕਰ ਦਿੰਦਾ ਹੈ।

ਜਿਵੇਂ ਹੌਲੀ ਹੌਲੀ ਉਹ ਨਵੀਂ ਬੋਲੀ ਦੇ ਸ਼ਬਦ ਸਿੱਖਦਾ ਹੈ ਤੇ ਉਸ ਜ਼ਬਾਨ

ਨੂੰ ਅਪਣਾਉਣ ਲੱਗਦਾ ਹੈ ਤਾਂ ਉਸ ਦੇ ਦਿਮਾਗ਼ ਵਿਚ ਦੁਚਿੱਤੀ ਪੈਦਾ ਹੋਣੀ ਸ਼ੁਰੂ ਹੋ ਜਾਂਦੀ ਹੈ, ਕਿਉਂਕਿ ਘਰ ਅਤੇ ਸਕੂਲ ਦੀ ਬੋਲੀ ਵੱਖਰੀ ਹੋਣੀ ਸ਼ੁਰੂ ਹੋ ਜਾਂਦੀ ਹੈ। ਨਤੀਜੇ ਵਜੋਂ, ਦੋ ਭਾਸ਼ਾਵਾਂ ਦਾ ਮਿਸ਼ਰਨ ਸਾਹਮਣੇ ਆਉਣਾ ਸ਼ੁਰੂ ਹੋ ਜਾਂਦਾ ਹੈ। ਜਿੱਥੇ ਉਹ ਆਪਣੀ ਪਰਪੱਕ ਮਾਂ-ਬੋਲੀ ਦੇ ਘੱਟ ਵਰਤੋਂ ਵਿਚ ਆਉਣ ਵਾਲੇ ਅੱਖਰ ਹੌਲੀ ਹੌਲੀ ਭੁੱਲਣੇ ਸ਼ੁਰੂ ਹੋ ਜਾਂਦਾ ਹੈ, ਉੱਥੇ ਨਵੀਂ ਬੋਲੀ ਦੀ ਅੱਧ-ਪਚੱਧ ਜਾਣਕਾਰੀ ਵਾਲੇ ਪੁੱਠੇ-ਸਿੱਧੇ ਸ਼ਬਦ ਮਨ ਵਿਚ ਵਸਾਉਂਦਾ ਤੁਰੀ ਜਾਂਦਾ ਹੈ, ਕਿਉਂਕਿ ਨਵੀਂ ਬੋਲੀ ਦੀ ਡੂੰਘਿਆਈ ਵਿਚ ਜਾਣਕਾਰੀ ਨਹੀਂ ਹੁੰਦੀ, ਸੋ ਉਹ ਪੂਰੀ ਤਰ੍ਹਾਂ ਨਵੀਂ ਬੋਲੀ ਨੂੰ ਛੇਤੀ ਅਪਣਾ ਨਹੀਂ ਸਕਦਾ ਤੇ ਉਸ ਨੂੰ ਬੋਲਣ ਲੱਗਿਆਂ ਸ਼ੁਰੂ ਵਿਚ ਘਬਰਾਹਟ ਮਹਿਸੂਸ ਕਰਦਾ ਰਹਿੰਦਾ ਹੈ। ਜੇ ਕਿਤੇ ਉਸ ਦੇ ਬੋਲਣ 'ਤੇ ਮਜ਼ਾਕ ਉੱਡ ਜਾਵੇ ਤਾਂ ਉਸਦੇ ਆਤਮ-ਵਿਸ਼ਵਾਸ ਨੂੰ ਠੇਸ ਪੁੱਜ ਜਾਂਦੀ ਹੈ ਤੇ ਕਈ ਵਾਰ ਬੱਚਾ ਥਥਲਾਉਣਾ ਸ਼ੁਰੂ ਹੋ ਜਾਂਦਾ ਹੈ ਜਾਂ ਪਜਾਮੀ ਵਿਚ ਪਿਸ਼ਾਬ ਕਰਨ ਲੱਗ ਜਾਂਦਾ ਹੈ ਜਾਂ ਸਕੂਲ ਜਾਣ ਤੋਂ ਕਤਰਾਉਣ ਲੱਗ ਪੈਂਦਾ ਹੈ।

ਇਹ ਸਭ ਬੱਚੇ ਦੇ ਜਵਾਨ ਹੋਣ ਦੀ ਮਨੋ-ਦਸ਼ਾ 'ਤੇ ਡੂੰਘਾ ਅਸਰ ਪਾਉਂਦਾ ਹੈ, ਕਿਉਂਕਿ ਜਿਸ ਕਿਸੇ ਦੇ ਵੀ ਆਤਮ-ਵਿਸ਼ਵਾਸ 'ਤੇ ਸੱਟ ਵੱਜ ਜਾਏ, ਉਸ ਦੇ ਮਨੋਬਲ ਦੇ ਡਿੱਗਦੇ ਸਾਰ ਉਹ ਢਹਿੰਦੀ ਕਲਾ ਵਿਚ ਛੇਤੀ ਹੀ ਪਹੁੰਚ ਜਾਂਦਾ ਹੈ।

ਜੇ ਮਨੋ-ਵਿਗਿਆਨਕ ਪੱਖੋਂ ਵੇਖੀਏ ਤਾਂ ਬੱਚੇ ਦੇ ਸੰਪੂਰਨ ਦਿਮਾਗ਼ੀ ਵਿਕਾਸ ਲਈ ਬੱਚੇ ਦੇ ਸ਼ੁਰੂ ਦੇ ਪੜ੍ਹਾਈ ਦੇ ਸਾਲ ਉਸ ਦੀ ਮਾਂ-ਬੋਲੀ ਵਿਚ ਹੀ ਹੋਣੇ ਚਾਹੀਦੇ ਹਨ।

ਕਿਉਂਕਿ ਬਹੁਤੀ ਦੇਰ ਬੱਚੇ ਨੇ ਮਾਂ ਨਾਲ ਹੀ ਲੰਘਾਉਣੀ ਹੁੰਦੀ ਹੈ, ਇਸ ਲਈ ਬੋਲੀ ਨੂੰ ਮਾਂ-ਬੋਲੀ ਹੀ ਕਿਹਾ ਜਾਣ ਲੱਗ ਪਿਆ ਹੈ। ਦੁਨੀਆ ਭਰ ਵਿਚ ਲਗਭਗ 6,800 ਬੋਲੀਆਂ ਪ੍ਰਚਲਿਤ ਹਨ, ਜਿਨ੍ਹਾਂ ਵਿੱਚੋਂ ਹਰ ਪੰਦਰੀਂ ਦਿਨੀਂ ਇਕ ਬੋਲੀ ਖ਼ਤਮ ਹੁੰਦੀ ਜਾ ਰਹੀ ਹੈ। ਇਸ ਦਾ ਕਾਰਨ ਇਹ ਹੈ ਕਿ ਉਹ ਬੋਲੀ ਬੋਲਣ ਵਾਲੇ ਖ਼ਤਮ ਹੁੰਦੇ ਜਾ ਰਹੇ ਹਨ ਜਾਂ ਉਸ ਕੌਮ ਨੇ ਦੂਜੀ ਬੋਲੀ ਅਪਣਾ ਲਈ ਹੈ।

ਪੰਜਾਬੀ ਬੋਲੀ ਇਸ ਵੇਲੇ ਦੁਨੀਆ ਦੀਆਂ ਪ੍ਰਚਲਿਤ ਬੋਲੀਆਂ ਵਿੱਚੋਂ ਬਾਰ੍ਹਵੇਂ ਜਾਂ ਤੇਰ੍ਹਵੇਂ ਨੰਬਰ ਉੱਤੇ ਆਉਂਦੀ ਹੈ, ਭਾਵੇਂ ਉਹ ਪਾਕਿਸਤਾਨ ਵਿਚ ਬੋਲੀ ਜਾ ਰਹੀ ਹੋਵੇ, ਹਿੰਦੁਸਤਾਨ ਵਿਚ ਜਾਂ ਇੰਗਲੈਂਡ ਵਿਚ। ਇਸ ਬੋਲੀ ਨੂੰ ਬੋਲਣ ਵਾਲੇ ਪੰਜਾਬੀਆਂ ਵਿਚਲੀ ਸਿੱਖ ਕੌਮ ਸਿਰਫ਼ 1.9 ਪ੍ਰਤੀਸ਼ਤ ਹੀ ਹੈ।

ਪੰਜਾਬ ਵਿਚ ਚੁਫੇਰੇ ਹਰ ਗਲੀ ਗਲੀ ਅੰਗਰੇਜ਼ੀ ਮਾਧਿਅਮ ਵਾਲੇ ਪ੍ਰੈਪਰੇਟਰੀ ਸਕੂਲ ਖੁੱਲ੍ਹ ਚੁੱਕੇ ਹਨ। ਘਰਾਂ ਵਿਚ ਪੰਜਾਬੀ ਬੋਲਦੇ ਬੱਚੇ ਜਦੋਂ ਸਿੱਧਾ ਅੰਗਰੇਜ਼ੀ ਜ਼ਬਾਨ ਸੁਣਨ ਲੱਗਦੇ ਹਨ ਜਾਂ ਉਨ੍ਹਾਂ ਨੂੰ ਅੰਗਰੇਜ਼ੀ ਬੋਲਣ 'ਤੇ ਮਜਬੂਰ ਕੀਤਾ ਜਾਂਦਾ ਹੈ ਤਾਂ ਉਹ ਉਪਰ ਦੱਸੀਆਂ ਹਾਲਤਾਂ ਅਨੁਸਾਰ ਸ਼ੁਰੂ ਵਿਚ ਸਕੂਲ ਵਿਚ ਜਾਣ ਦੇ ਨਾਂ ਤੋਂ ਹੀ ਰੋਣਾ-ਪਿੱਟਣਾ ਸ਼ੁਰੂ ਕਰ ਦਿੰਦੇ ਹਨ।

ਜਿਉਂ ਜਿਉਂ ਅੰਗਰੇਜ਼ੀ ਦੇ ਰੰਗ ਵਿਚ ਬੱਚੇ ਰੰਗਦੇ ਜਾ ਰਹੇ ਹਨ, ਤਿਉਂ ਤਿਉਂ ਪੰਜਾਬੀ ਬੱਚੇ ਆਪਣੀ ਧਰਤੀ, ਆਪਣੀ ਪਹਿਚਾਣ, ਆਪਣੀ ਮਿੱਠੀ ਮਾਂ-ਬੋਲੀ ਤੋਂ ਹੌਲੀ ਹੌਲੀ ਪਰ੍ਹਾਂ ਹੁੰਦੇ ਜਾ ਰਹੇ ਹਨ। ਇਹ ਪੰਜਾਬੀ ਸੱਭਿਅਤਾ ਦੇ ਖ਼ਾਤਮੇ ਦੀ ਸ਼ੁਰੂਆਤ ਹੈ। ਜੇ ਇਸੇ ਤਰ੍ਹਾਂ ਅੰਗਰੇਜ਼ੀ ਦੇ ਵਿਛਾਏ ਜਾਲ ਵਿਚ ਸਾਡੇ ਬੱਚੇ ਫਸਦੇ ਰਹੇ ਤਾਂ ਸਹੀ ਅਰਥਾਂ ਵਿਚ ਅੰਗਰੇਜ਼ੀ ਅਤੇ ਅੰਗਰੇਜ਼ੀ ਸੱਭਿਅਤਾ ਦਾ ਰਾਜ ਇਸ ਧਰਤੀ ਉੱਪਰ ਹੋ ਜਾਣਾ ਹੈ ਤੇ ਹਰ ਪੰਦਰੀਂ ਦਿਨੀਂ ਖ਼ਤਮ ਹੁੰਦੀਆਂ ਬੋਲੀਆਂ ਵਿਚ ਪੰਜਾਬੀ ਬੋਲੀ ਦੀ ਵਾਰੀ ਵੀ ਛੇਤੀ ਹੀ ਆ ਜਾਣੀ ਹੈ।

ਹਾਲਾਤ ਇਹ ਹਨ ਕਿ ਅੱਜ ਦੇ ਦਿਨ ਪੰਜਾਬ ਦੇ ਵਿਚ ਹੀ ਪੰਜਾਬੀ ਬੋਲਣ ਵਾਲੇ ਨੂੰ ਅਨਪੜ੍ਹ ਕਰਾਰ ਦਿੱਤਾ ਜਾਣ ਲੱਗ ਪਿਆ ਹੈ। ਦੂਜੇ ਪਾਸੇ ਟੁੱਟੀ ਫੁੱਟੀ ਅੰਗਰੇਜ਼ੀ ਬੋਲਣ ਵਾਲਾ ਵੀ ਆਪਣੇ ਆਪ ਨੂੰ ਕਿਸੇ ਅੰਗਰੇਜ਼ ਅਫ਼ਸਰ ਤੋਂ ਘੱਟ ਨਹੀਂ ਸਮਝਦਾ।

ਕਿਸੇ ਸੱਭਿਆਚਾਰਕ ਸਮਾਗਮ 'ਤੇ ਜਿੱਥੇ ਕਾਫ਼ੀ ਵੱਡੇ ਅਫ਼ਸਰ ਮੌਜੂਦ ਸਨ, ਮੈਨੂੰ ਕਿਸੇ ਨੇ ਇਕ ਪੰਜਾਬੀ ਆਈ.ਏ.ਐੱਸ. ਅਫ਼ਸਰ ਨਾਲ ਜਾਣ-ਪਛਾਣ ਕਰਵਾਉਂਦਿਆਂ ਮੇਰੇ ਬਾਰੇ ਉਸ ਨੂੰ ਦੱਸਿਆ ਕਿ ਇਹ ਪੰਜਾਬੀ ਵਿਚ ਬੱਚਿਆਂ ਬਾਰੇ ਲਿਖਦੀ ਹੈ। ਉਸ ਅਫ਼ਸਰ ਨੇ ਅਜੀਬ ਜਿਹੀਆਂ ਨਜ਼ਰਾਂ ਨਾਲ ਘੂਰ ਕੇ ਮੈਨੂੰ ਪੁੱਛਿਆ, "ਲੱਗਦੇ ਤਾਂ ਪੜ੍ਹੇ ਲਿਖੇ ਹੋ ?" ਜਦੋਂ ਮੈਂ ਉਸ ਨੂੰ ਦੱਸਿਆ ਕਿ ਮੈਂ ਬੱਚਿਆਂ ਦੇ ਰੋਗਾਂ ਦੀ ਸਪੈਸ਼ਲਿਸਟ ਹਾਂ ਤਾਂ ਉਹ ਹੋਰ ਵੀ ਹੈਰਾਨ ਹੋ ਕੇ ਕਹਿਣ ਲੱਗਾ, "ਮੈਡਮ, ਜੇ ਅੰਗਰੇਜ਼ੀ ਵਿਚ ਲਿਖਦੇ ਤਾਂ ਰਾਤੋ ਰਾਤ ਮਸ਼ਹੂਰ ਹੋ ਜਾਣਾ ਸੀ, ਕਿਉਂਕਿ ਲੋਕ ਆਪਣੇ ਬੱਚਿਆਂ ਬਾਰੇ ਬਹੁਤ ਫ਼ਿਕਰਮੰਦ ਹਨ। ਪੰਜਾਬੀ ਵਿਚ ਲਿਖਦੇ ਰਹੇ ਤਾਂ ਸਾਰੀ ਜ਼ਿੰਦਗੀ ਬਰਬਾਦ ਕਰ ਲਵੋਗੇ ਤੇ ਤੁਹਾਨੂੰ ਕੋਈ ਵੀ ਨਹੀਂ ਪਛਾਣਨ ਲੱਗਾ। ਪੰਜਾਬੀ ਵਿਚ ਲਿਖਣ ਵਾਲੇ ਕੰਗਾਲੀ ਅਤੇ ਮੰਦਹਾਲੀ ਵਿਚ ਹੀ ਜ਼ਿੰਦਗੀ ਲੰਘਾਉਂਦੇ ਹਨ ਤੇ ਆਪਣੇ ਘਰ ਤੋਂ ਬਾਹਰ ਉਨ੍ਹਾਂ ਨੂੰ ਕੋਈ ਨਹੀਂ ਪਛਾਣਦਾ।"

ਮੈਂ ਕਿਹਾ, "ਸਾਡੇ ਪੰਜਾਬ ਦੀ ਬਦਨਸੀਬੀ ਹੈ ਕਿ ਤੁਹਾਡੇ ਵਰਗੇ ਅਫ਼ਸਰ ਇਸ ਦੇ ਸਰਪ੍ਰਸਤ ਹਨ। ਵੈਸੇ ਮੈਂ ਤੁਹਾਡੀ ਜਾਣਕਾਰੀ ਲਈ ਦੱਸ ਦਿਆਂ ਕਿ ਮੈਂ ਅੰਗਰੇਜ਼ੀ ਵਿਚ ਵੀ ਲੇਖ ਲਿਖੇ ਹਨ ਅਤੇ ਉਹ ਅੰਗਰੇਜ਼ੀ ਅਖ਼ਬਾਰਾਂ ਵਿਚ ਅਤੇ ਅੰਗਰੇਜ਼ੀ ਰਸਾਲਿਆਂ ਵਿਚ ਛਪੇ ਵੀ ਹਨ ਅਤੇ ਮੇਰੀ ਡਾਕਟਰੀ ਪੜ੍ਹਾਈ ਵੀ ਅੰਗਰੇਜ਼ੀ ਵਿਚ ਹੈ। ਸਾਡੀਆਂ ਸਾਰੀਆਂ ਖੋਜਾਂ ਅਤੇ ਕਾਨਫ਼ਰੰਸਾਂ ਵੀ ਅੰਗਰੇਜ਼ੀ ਵਿਚ ਹੀ ਹੁੰਦੀਆਂ ਹਨ। ਪਰ ਇਸ ਦਾ ਮਤਲਬ ਇਹ ਬਿਲਕੁਲ ਨਹੀਂ ਕਿ ਮੇਰਾ ਮੋਹ ਪੰਜਾਬ ਜਾਂ ਪੰਜਾਬੀ ਬੋਲੀ ਨਾਲੋਂ ਟੁੱਟ ਗਿਆ ਹੈ।

"ਮੈਂ ਤਾਂ ਆਪਣੀ ਮਾਂ ਦਾ ਰਿਣ ਉਤਾਰ ਰਹੀ ਹਾਂ ਆਪਣੀ ਮਾਂ-ਬੋਲੀ ਪੰਜਾਬੀ ਵਿਚ ਲਿਖ ਕੇ। ਮੇਰੇ ਪਿਤਾ ਪ੍ਰੋ. ਪ੍ਰੀਤਮ ਸਿੰਘ ਨੇ ਹਾਅ ਦਾ ਨਾਅਰਾ ਮਾਰਿਆ ਸੀ,

ਪੰਜਾਬੀ ਬੋਲੀ ਦੀਆਂ ਜੜ੍ਹਾਂ ਵਿਚ ਤੇਲ ਪੈਂਦਾ ਵੇਖ ਕੇ। ਮੈਂ ਤਾਂ ਸਿਰਫ਼ ਉਸੇ ਬੁਲੰਦ ਆਵਾਜ਼ ਦਾ ਵਿਗਿਆਨਕ ਵਿਸ਼ਲੇਸ਼ਣ ਕਰ ਕੇ ਸਮਝਾਉਣਾ ਚਾਹ ਰਹੀ ਹਾਂ ਕਿ ਆਪਣੀ ਬੋਲੀ ਦੇ ਵਿਕਾਸ ਲਈ ਇਸ ਬੋਲੀ ਨੂੰ ਚੰਗੇ ਸਾਹਿਤ ਨਾਲ ਭਰਪੂਰ ਕਰਨਾ ਜ਼ਰੂਰੀ ਹੈ।"

ਉਹ ਅਫ਼ਸਰ ਥੋੜਾ ਖਿੱਝ ਕੇ ਬੋਲੇ, "ਇਸ ਦਾ ਮਤਲਬ ਤੁਹਾਡੇ ਪਿਤਾ ਵੀ ਪੰਜਾਬੀ ਵਿਚ ਲਿਖ ਕੇ ਗੁਮਨਾਮੀ ਦੇ ਹਨੇਰੇ ਵਿਚ ਹੀ ਜ਼ਿੰਦਗੀ ਲੰਘਾ ਰਹੇ ਹਨ।"

ਮੈਂ ਜਵਾਬ ਦਿੱਤਾ, "ਉਨ੍ਹਾਂ ਨੂੰ ਪੰਜਾਬੀ ਦਾ ਬਾਬਾ ਬੋਹੜ ਕਿਹਾ ਜਾਂਦਾ ਹੈ, ਪਰ ਵੈਸੇ ਤੁਹਾਡੀ ਜਾਣਕਾਰੀ ਲਈ ਦੱਸ ਦਿਆਂ ਕਿ ਉਹ ਹਿੰਦੁਸਤਾਨ ਦੇ ਰਾਸ਼ਟਰਪਤੀ ਤੋਂ ਸਨਮਾਨਿਤ ਤਾਂ ਹੋ ਹੀ ਚੁੱਕੇ ਹਨ ਤੇ ਕੈਲੀਫ਼ੋਰਨੀਆ ਦੀ ਸੈਨਹੋਜ਼ੇ ਯੂਨੀਵਰਸਿਟੀ ਨੇ ਉਨ੍ਹਾਂ ਦੀ ਪੰਜਾਬੀ ਵਿਚ ਪਾਈ ਦੇਣ ਕਾਰਨ ਆਨਰੇਰੀ ਪ੍ਰੋਫ਼ੈਸਰਸ਼ਿਪ ਵੀ ਦੇ ਦਿੱਤੀ ਹੋਈ ਹੈ। ਇਹ ਹੁੰਦਾ ਹੈ ਆਪਣੀ ਮਾਂ-ਬੋਲੀ ਨੂੰ ਪ੍ਰਫੁੱਲਿਤ ਕਰਨ ਵਾਲਿਆਂ ਦਾ ਇਨਾਮ। ਹਰ ਪੰਜਾਬੀ ਜਿਸ ਨੂੰ ਵੀ ਪੰਜਾਬ ਅਤੇ ਪੰਜਾਬੀਆਂ ਨਾਲ ਮੋਹ ਹੈ, ਉਹ ਬਾਖ਼ੂਬੀ ਜਾਣਦਾ ਹੈ ਕਿ ਉਸਦੀ ਪਹਿਚਾਣ ਉਸ ਦੀ ਬੋਲੀ ਅਤੇ ਉਸ ਦੀ ਸੱਭਿਅਤਾ ਕਾਰਨ ਹੀ ਹੈ। ਜਿਸ ਅੰਗਰੇਜ਼ੀ ਬੋਲੀ ਦੀ ਦੁਹਾਈ ਤੁਸੀਂ ਦੇ ਰਹੇ ਹੋ, ਜ਼ਰਾ ਗਹੁ ਨਾਲ ਸੋਚੋ, ਉਸ ਵਿਚ ਤਾਂ ਰਿਸ਼ਤਿਆਂ ਨੂੰ ਅਹਿਮੀਅਤ ਵੀ ਨਹੀਂ ਦਿੱਤੀ ਜਾਂਦੀ ਤਾਂ ਫੇਰ ਪਿਆਰ ਅਤੇ ਅਪਣੱਤ ਕੀ ਹੋਵੇਗੀ ? ਚਾਚੀ, ਮਾਮੀ, ਤਾਈ ਵਾਲੇ ਸਾਰੇ ਰਿਸ਼ਤੇ ਖ਼ਤਮ ਕਰ ਕੇ ਸਿਰਫ਼ 'ਆਂਟੀ' ਲਫ਼ਜ਼ ਹੀ ਵਰਤ ਛੱਡਦੇ ਹਨ, ਭਾਵੇਂ ਕੋਈ ਆਪਣਾ ਹੋਵੇ ਜਾਂ ਪਰਾਇਆ। ਤੁਹਾਡੀ ਜਾਣਕਾਰੀ ਵਿਚ ਵਾਧੇ ਲਈ ਮੈਂ ਦੱਸ ਦਿਆਂ ਕਿ ਮੈਨੂੰ ਵੀ ਲਿਖਤਾਂ ਕਾਰਨ ਪੰਜਾਬ ਸਰਕਾਰ ਅਤੇ ਹਰਿਆਣਾ ਦੇ ਗਵਰਨਰ ਸਨਮਾਨਿਤ ਕਰ ਚੁੱਕੇ ਹਨ।"

ਉਸ ਪਾਰਟੀ ਵਿਚ ਇਸ ਮਾਮਲੇ ਨੂੰ ਲੈ ਕੇ ਕਾਫ਼ੀ ਗਰਮਾ ਗਰਮ ਬਹਿਸ ਛਿੜ ਗਈ। ਮੇਰੇ ਵੱਲ ਦੇ ਵੀ ਕਈ ਪੰਜਾਬੀ ਹਿਤੈਸ਼ੀ ਖੜੇ ਹੋ ਗਏ ਸਨ, ਨਹੀਂ ਤਾਂ ਸ਼ਾਇਦ ਮੇਰੀ ਸਰਕਾਰੀ ਨੌਕਰੀ ਖ਼ਤਰੇ ਵਿਚ ਆ ਜਾਂਦੀ।

ਅਜਿਹੀ ਬਹਿਸ ਤਾਂ ਹਮੇਸ਼ਾ ਹੀ ਚੱਲਦੀ ਰਹੇਗੀ, ਜਿੱਥੇ ਵੀ ਕਿਤੇ ਕੋਈ ਪੰਜਾਬੀ ਬੋਲੀ ਦਾ ਹਿਤੈਸ਼ੀ ਖੜਾ ਹੋਵੇਗਾ, ਪਰ ਸਾਨੂੰ ਤਾਂ ਪਹਿਲ ਆਪਣੇ ਬੱਚਿਆਂ ਦੇ ਮਾਨਸਿਕ ਵਿਕਾਸ ਵੱਲ ਦੇਣੀ ਚਾਹੀਦੀ ਹੈ, ਜਿਸ ਦਾ ਸਿੱਧਾ ਵਾਸਤਾ ਮਾਂ-ਬੋਲੀ ਨਾਲ ਹੈ।

ਜੇ ਅਸੀਂ ਆਪਣੇ ਬੱਚਿਆਂ ਦੀ ਸਿਰਫ਼ ਪਹਿਲੇ ਤਿੰਨ ਸਾਲ ਦੀ ਪੜ੍ਹਾਈ ਮਾਂ-ਬੋਲੀ ਵਿਚ ਕਰਵਾਉਣ ਉੱਤੇ ਜ਼ੋਰ ਪਾਈਏ ਤਾਂ ਬੱਚੇ ਦੇ ਸੰਪੂਰਨ ਵਿਕਾਸ ਦੇ ਨਾਲ ਨਾਲ ਪੰਜਾਬੀ ਬੋਲੀ ਦੇ ਖ਼ਾਤਮੇ ਵੱਲ ਜਾਂਦੇ ਕਦਮ ਵੀ ਰੁਕ ਜਾਣਗੇ।

ਅੰਗਰੇਜ਼ੀ ਇਸ ਵੇਲੇ ਇਕ ਵਿਸ਼ਵ-ਵਿਆਪੀ ਭਾਸ਼ਾ ਹੈ ਤੇ ਸਾਡੇ ਬੱਚਿਆਂ ਨੂੰ ਅੰਗਰੇਜ਼ੀ ਸਿੱਖਣ ਉੱਤੇ ਕੋਈ ਬੰਦਿਸ਼ ਨਹੀਂ ਲੱਗੀ ਹੋਈ ਤੇ ਨਾ ਹੀ ਲਾਉਣੀ ਚਾਹੀਦੀ

ਹੈ। ਮੇਰਾ ਕਹਿਣਾ ਸਿਰਫ਼ ਇਹ ਹੈ ਕਿ ਅੰਗਰੇਜ਼ੀ ਬੱਚੇ ਦੇ ਪਹਿਲੇ ਤਿੰਨ ਸਾਲਾਂ ਉੱਤੇ ਹਾਵੀ ਨਹੀਂ ਹੋਣੀ ਚਾਹੀਦੀ। ਜਿਵੇਂ ਮੈਂ ਅੱਗੇ ਦੱਸਿਆ ਹੈ ਕਿ ਮੇਰਾ ਵਿਸ਼ਵਾਸ ਹੈ ਅਤੇ ਮਨੋ-ਵਿਗਿਆਨ ਵੀ ਇਹ ਕਹਿੰਦਾ ਹੈ ਕਿ ਜੇ ਮਾਂ-ਬੋਲੀ ਵਿਚ ਬੱਚਾ ਠੀਕ ਤਰ੍ਹਾਂ ਤੁਰਿਆ ਹੋਵੇ ਤਾਂ ਅੰਗਰੇਜ਼ੀ ਭਾਸ਼ਾ ਜਾਂ ਕਿਸੇ ਵੀ ਹੋਰ ਬਦੇਸ਼ੀ ਭਾਸ਼ਾ ਨੂੰ ਛੇਤੀ ਅਤੇ ਚੰਗੀ ਤਰ੍ਹਾਂ ਸਿੱਖ ਸਕਦਾ ਹੈ।

ਮੈਂ ਕਦੇ ਵੀ ਨਹੀਂ ਕਿਹਾ ਕਿ ਬੱਚੇ ਨੂੰ ਅੰਗਰੇਜ਼ੀ ਨਾ ਪੜ੍ਹਾਓ, ਪਰ ਮੈਂ ਨਿੱਤ ਕਹਿੰਦੀ ਹਾਂ ਕਿ ਬੱਚੇ ਨੂੰ ਨਰਸਰੀ ਤੋਂ ਹੀ ਆਪਣੀ ਮਾਂ-ਬੋਲੀ ਤੋਂ ਦੂਰ ਨਾ ਕਰੋ ਤੇ ਕਿਸੇ ਹੋਰ ਬੋਲੀ ਦਾ ਉਸ ਦੇ ਦਿਮਾਗ਼ 'ਤੇ ਘੱਟੋ ਘੱਟ ਪਹਿਲੇ ਤਿੰਨ ਸਾਲ ਤਾਂ ਬੋਝ ਨਾ ਪਾਓ।

ਜੋ ਕੁੱਝ ਮੈਂ ਬੱਚਿਆਂ ਉੱਤੇ ਬੋਲੀ ਦੇ ਅਸਰ ਦੇ ਸੰਬੰਧ ਵਿਚ ਦੱਸਿਆ ਹੈ, ਉਹ ਸਿਰਫ਼ ਪੰਜਾਬੀ ਜ਼ਬਾਨ ਉੱਤੇ ਲਾਗੂ ਨਹੀਂ ਹੁੰਦਾ, ਬਲਕਿ ਹਰ ਦੇਸ ਦੇ ਇਲਾਕੇ ਦੀ ਮਾਂ-ਬੋਲੀ ਉੱਤੇ ਵੀ ਲਾਗੂ ਹੁੰਦਾ ਹੈ। ਜੇ ਅੰਗਰੇਜ਼ੀ ਵਿਸ਼ਵ-ਵਿਆਪੀ ਭਾਸ਼ਾ ਹੈ ਤਾਂ ਚੀਨ, ਅਰਬ, ਜਰਮਨੀ ਜਾਂ ਫ਼ਰਾਂਸ ਵਾਲੇ ਆਪਣੀ ਮਾਂ-ਬੋਲੀ ਛੱਡ ਕੇ ਬੱਚਿਆਂ ਨੂੰ ਅੰਗਰੇਜ਼ੀ ਜ਼ਬਾਨ ਨਰਸਰੀ ਤੋਂ ਕਿਉਂ ਨਹੀਂ ਪੜ੍ਹਾਉਣ ਲੱਗ ਪਏ ? ਆਪਣੀ ਮਾਂ-ਬੋਲੀ ਨੂੰ ਛੱਡ ਕੇ ਅੰਗਰੇਜ਼ੀ ਨੂੰ ਉਹੀ ਦੇਸ ਤਰਜੀਹ ਦੇ ਰਹੇ ਹਨ, ਜੋ ਆਪਣੀ ਭਾਸ਼ਾ ਅਤੇ ਸੱਭਿਆਚਾਰ ਦੀ ਮੌਤ ਦੇ ਇੱਛਕ ਹਨ।

•

2

ਬਾਲ-ਸਾਹਿਤ ਕਿਵੇਂ ਦਾ ਹੋਣਾ ਚਾਹੀਦਾ ਹੈ ?

ਬਾਲ-ਸਾਹਿਤ ਬਾਰੇ ਕੁੱਝ ਕਹਿਣਾ ਮੇਰੇ ਲਈ ਅੰਗਿਆਰ ਉੱਤੇ ਤੁਰਨ ਜਿਹਾ ਹੈ, ਕਿਉਂਕਿ ਮੇਰੇ ਹਰ ਲਫ਼ਜ਼ ਦੀ ਤੁਲਨਾ ਮੇਰੇ ਪਾਪਾ ਜੀ ਪ੍ਰੋ. ਪ੍ਰੀਤਮ ਸਿੰਘ ਜੀ ਨਾਲ ਕੀਤੀ ਜਾਵੇਗੀ, ਜਿਨ੍ਹਾਂ ਬਾਲ-ਸਾਹਿਤ ਘੜਨ ਲੱਗਿਆਂ ਇਤਿਹਾਸ ਰਚਿਆ ਸੀ। ਇਸੇ ਹੀ ਤਰ੍ਹਾਂ ਬਾਲ-ਸਾਹਿਤ ਦੇ ਅਨੇਕ ਲੇਖਕ ਤੇ ਬੁੱਧੀਜੀਵੀ ਜਿਨ੍ਹਾਂ ਨੂੰ ਵੱਡੇ ਤੋਂ ਵੱਡੇ ਸਨਮਾਨਾਂ ਨਾਲ ਸਤਿਕਾਰਿਆ ਜਾ ਚੁੱਕਿਆ ਹੈ, ਵੀ ਸ਼ਾਇਦ ਮੈਨੂੰ ਸਿਖਾਂਦਰੂ ਕਹਿ ਕੇ ਮੇਰੇ ਲੇਖ ਨੂੰ ਪੜ੍ਹੇ-ਸੁਣੇ ਬਗ਼ੈਰ ਨਕਾਰ ਦੇਣ। ਪਰ ਫਿਰ ਵੀ ਮੈਂ ਬਾਲ-ਸਾਹਿਤ ਦੇ ਅਥਾਹ ਸਮੁੰਦਰ ਵਿਚ ਤਾਰੀਆਂ ਲਾਉਂਦੇ ਹਰ ਉਸ ਲੇਖਕ ਤੇ ਬੁੱਧੀਜੀਵੀ ਨੂੰ ਡੂੰਘੇ ਸਮੁੰਦਰ ਅੰਦਰਲੀ ਸੀਪ ਵਿਚਲੇ ਮੋਤੀ ਬਾਰੇ ਜ਼ਰੂਰ ਦੱਸਣਾ ਚਾਹਾਂਗੀ।

ਮੇਰੇ ਕਹਿਣ ਦਾ ਭਾਵ ਇਹ ਹੈ ਕਿ ਬੱਚੇ ਕਿਹੋ ਜਿਹਾ ਸਾਹਿਤ ਮੰਗਦੇ ਹਨ ? ਛੇ ਹਫ਼ਤਿਆਂ ਦੇ ਬੱਚੇ ਦਾ ਦਿਮਾਗ਼ ਕਿਹੋ ਜਿਹੀ ਕਹਾਣੀ ਸੁਣਨੀ ਚਾਹੁੰਦਾ ਹੈ ? ਨੌਂ ਮਹੀਨੇ ਦੇ ਬੱਚੇ ਨੂੰ ਕਿਹੜੀ ਕਹਾਣੀ ਸੁਆਦਲੀ ਲੱਗਦੀ ਹੈ ਤੇ ਉਸ ਦਾ ਦਿਮਾਗ਼ ਕਿਹੜੇ ਲਫ਼ਜ਼ਾਂ ਨੂੰ ਸੌਖੇ ਤਰੀਕੇ ਨਾਲ ਆਪਣੇ ਅੰਦਰ ਵਸਾ ਸਕਦਾ ਹੈ ? ਇਸੇ ਹੀ ਤਰ੍ਹਾਂ ਤਿੰਨ ਵਰ੍ਹਿਆਂ ਦੇ ਬੱਚੇ ਦੇ ਵਿਕਾਸਸ਼ੀਲ ਦਿਮਾਗ਼ ਦੀ ਤੁਲਨਾ ਚੌਦਾਂ ਸਾਲ ਦੇ ਬੱਚੇ ਦੇ ਵਿਕਸਿਤ ਦਿਮਾਗ਼ ਨਾਲ ਕੀਤੀ ਹੀ ਨਹੀਂ ਜਾ ਸਕਦੀ।

ਭਰੂਣ ਵੀ ਕਹਾਣੀ ਸੁਣਨੀ ਪਸੰਦ ਕਰਦੇ ਹਨ, ਪਰ ਇਹ ਕਹਾਣੀ ਮਾਂ ਹੀ ਵਧੀਆ ਘੜ ਸਕਦੀ ਹੈ ਤੇ ਉਹ ਹੀ ਸੁਆਦਲੇ ਢੰਗ ਨਾਲ ਉਸ ਨੂੰ ਸੁਣਾ ਵੀ ਸਕਦੀ ਹੈ। ਇਹ ਪੱਕੀ ਗੱਲ ਹੈ ਕਿ ਭਰੂਣ ਨੂੰ ਭੂਤ-ਪ੍ਰੇਤਾਂ ਦੀਆਂ ਕਹਾਣੀਆਂ ਜਾਂ ਰਾਮ-ਸ਼ਾਮ ਦੀਆਂ ਕਹਾਣੀਆਂ ਬਿਲਕੁਲ ਨਹੀਂ ਭਾਉਂਦੀਆਂ।

ਜੇ ਇਸ ਬਾਰੇ ਡੂੰਘਿਆਈ ਨਾਲ ਸੋਚਿਆ ਜਾਵੇ ਤਾਂ ਪਤਾ ਲੱਗੇਗਾ ਕਿ ਪੰਜਾਬੀ ਬਾਲ-ਸਾਹਿਤ ਬਹੁਤ ਪੱਛੜਿਆ ਪਿਆ ਹੈ, ਕਿਉਂਕਿ ਭਰੂਣ ਲਈ ਤਾਂ ਕਿਸੇ ਨੇ ਕਹਾਣੀ ਘੜੀ ਹੀ ਨਹੀਂ ਤੇ ਨਾ ਹੀ ਨਵ-ਜੰਮੇ ਜਾਂ ਦੋ ਮਹੀਨੇ ਦੇ ਬੱਚੇ ਲਈ। ਇਸੇ ਤਰ੍ਹਾਂ ਨੌਂ ਮਹੀਨੇ ਦੇ ਬੱਚੇ ਦੇ ਲਈ ਤੇ ਦੋ ਸਾਲ ਦੇ ਬੱਚੇ ਲਈ ਕਹਾਣੀ ਬਿਲਕੁਲ ਹੀ ਵੱਖਰੀ ਕਿਸਮ ਦੀ ਹੋਣੀ ਚਾਹੀਦੀ ਹੈ।

ਜਦੋਂ ਮਾਂ ਆਰਾਮ ਕਰਨ ਲਈ ਲੇਟਦੀ ਹੈ ਤਾਂ ਭਰੂਣ ਹਿਲਜੁਲ ਕਰ ਕੇ ਆਪਣਾ

ਇਹਸਾਸ ਕਰਵਾਉਂਦਾ ਹੈ। ਜੇ ਉਸ ਵਕਤ ਵਾਪਸ ਹੱਥ ਰੱਖ ਕੇ ਉਸ ਨੂੰ ਸਹਿਲਾਇਆ ਜਾਏ ਤਾਂ ਉਹ ਜ਼ੋਰ ਜ਼ੋਰ ਦੀ ਹਿਲਦਾ ਹੈ ਕਿ ਮੈਨੂੰ ਤੁਹਾਡਾ ਪਿਆਰ ਭਰਿਆ ਸੁਨੇਹਾ ਮਿਲ ਗਿਆ ਹੈ। ਇਸ ਮੌਕੇ ਸੰਗੀਤ ਦੀਆਂ ਧੁਨਾਂ ਨੂੰ ਬੱਚਾ ਬਹੁਤ ਧਿਆਨ ਨਾਲ ਸੁਣਦਾ ਹੈ। ਮੱਧਮ ਤੇ ਸੁਖਾਵਾਂ ਸੰਗੀਤ ਉਸ ਨੂੰ ਭਾਉਂਦਾ ਹੈ ਤੇ ਉਸ ਦੀ ਮਾਨਸਿਕਤਾ 'ਤੇ ਵਧੀਆ ਅਸਰ ਪਾਉਂਦਾ ਹੈ। ਇਸ ਵਕਤ ਜੇ ਉਸ ਨੂੰ ਉਸ ਦਾ ਪਿਓ ਮੂੰਹ ਨੇੜੇ ਕਰਕੇ ਕਹਾਣੀ ਸੁਣਾਉਣਾ ਚਾਹੇ ਤਾਂ ਉਹ ਕਾਫ਼ੀ ਖ਼ੁਸ਼ ਹੁੰਦਾ ਹੈ। ਇਹ ਕਹਾਣੀ ਬਹੁਤ ਛੋਟੀ ਤੇ ਇਕ ਇਕ ਅੱਖਰ ਹੌਲੀ ਹੌਲੀ ਪਿਆਰ ਨਾਲ ਬੋਲ ਕੇ ਦੁਹਰਾਉਣੀ ਹੁੰਦੀ ਹੈ। ਇਸ ਵਿਚ ਭਰੂਣ ਦਾ ਫ਼ਰਜ਼ੀ ਨਾਂ ਲੈਣਾ ਜ਼ਰੂਰੀ ਹੁੰਦਾ ਹੈ, ਜਿਸ ਨਾਲ ਉਸ ਨੂੰ ਸੰਬੋਧਨ ਕਰਨਾ ਹੋਵੇ। ਜਿਵੇਂ, "ਸੋਨੂੰ, ਕੀ ਹਾਲ ਹੈ ? ਪਾਪਾ ਬੋਲਦੇ ਨੇ। ਅੱਜ ਬਾਜ਼ਾਰ ਗਏ। ਤੇਰੇ ਲਈ ਬੂਟ ਲਏ।" ਦੁਬਾਰਾ ਫਿਰ ਇਹੀ ਦੁਹਰਾਉਣਾ। ਜਦੋਂ ਭਰੂਣ ਜਵਾਬੀ ਹੁੰਗਾਰੇ ਵਿਚ ਘਸੁੰਨ ਮਾਰ ਦੇਵੇ ਤਾਂ ਕਹਾਣੀ ਅੱਗੇ ਤੋਰੀ ਜਾ ਸਕਦੀ ਹੈ, "ਓ ਸੋਨੂੰ, ਬੂਟ ਬਹੁਤ ਸੋਹਣੇ ਨੇ।" ਕੁੱਝ ਵਕਤ ਲੰਘਣ 'ਤੇ ਫੇਰ ਪੁੱਛਿਆ ਜਾ ਸਕਦਾ ਹੈ, "ਮੇਰਾ ਸੋਨੂੰ ਇਹ ਬੂਟ ਪਾਏਗਾ ?" ਨਾਲ ਨਾਲ ਚੁੰਮਣ ਦੀ ਆਵਾਜ਼ ਕੱਢਣੀ ਤੇ ਉਸ ਨੂੰ ਸਹਿਲਾਉਣਾ ਵੀ ਜ਼ਰੂਰੀ ਹੈ। ਗ਼ੌਰ-ਤਲਬ ਗੱਲ ਇਹ ਹੈ ਕਿ ਦੋ ਸ਼ਬਦ ਹੀ ਵਾਰ ਵਾਰ ਦੁਹਰਾਏ ਗਏ। 'ਸੋਨੂੰ' ਤੇ 'ਬੂਟ'।

ਅਗਲੇ ਦਿਨ ਕਿਸੇ ਹੋਰ ਚੀਜ਼, ਜਿਵੇਂ ਕਮੀਜ਼ ਜਾਂ ਸਵੈਟਰ ਦੀ ਗੱਲ ਛੇੜ ਲਈ, ਪਰ ਨਾਂ 'ਸੋਨੂੰ' ਜਾਂ ਕੋਈ ਵੀ ਹੋਰ ਫ਼ਰਜ਼ੀ ਨਾਂ ਉਹੀ ਰਹਿੰਦਾ ਹੈ।

ਹੁਣ ਗੱਲ ਕਰੀਏ ਨਵ-ਜੰਮੇ ਬੱਚੇ ਦੀ। ਉਹ ਆਪਣੀ ਹਰ ਗੱਲ ਅਲੱਗ ਅਲੱਗ ਕਿਸਮ ਦੇ ਰੋਣ ਨਾਲ ਹੀ ਸਮਝਾਉਂਦਾ ਹੈ ਤੇ ਉਸ ਦਾ ਹੁੰਗਾਰਾ ਉਸੇ ਆਵਾਜ਼ ਨੂੰ ਬਿਹਤਰ ਹੁੰਦਾ ਹੈ, ਜਿਹੜਾ ਉਹ ਜਨਮ ਤੋਂ ਪਹਿਲਾਂ ਤੋਂ ਸੁਣ ਰਿਹਾ ਹੁੰਦਾ ਹੈ। ਮਸਲਨ ਹੁਣ ਉਹ ਕਹਾਣੀ ਕੁੱਝ ਇਸ ਤਰ੍ਹਾਂ ਦੀ ਸੁਣਨਾ ਚਾਹੁੰਦਾ ਹੈ, "ਸੋਨੂੰ, ਐਹ ਮਾਮਾ। ਐਹ ਪਾਪਾ। ਐ ਤੇਰੇ ਬੂਟ। ਸੋਨੂੰ ਨੇ ਨਵੇਂ ਬੂਟ ਪਾਏ। ਹੁਣ ਸੋਨੂੰ ਸੋਹਣਾ ਹੋ ਗਿਆ।"

ਕਹਾਣੀ ਸੁਣਾਉਣ ਦੇ ਨਾਲ ਆਵਾਜ਼ ਵਿਚ ਪਿਆਰ ਝਲਕਣਾ ਜ਼ਰੂਰੀ ਹੁੰਦਾ ਹੈ। ਇਹ ਦਰਅਸਲ ਜਾਣ-ਪਛਾਣ ਦਾ ਦੌਰ ਹੁੰਦਾ ਹੈ, ਜਿਸ ਵਿਚ ਬੱਚੇ ਦਾ ਦਾਇਰਾ ਆਪਣਿਆਂ ਤਕ ਸੀਮਿਤ ਹੁੰਦਾ ਹੈ ਤੇ ਉਹ ਕਹਾਣੀ ਵਿਚ ਜਾਣੇ-ਪਛਾਣੇ ਲਫ਼ਜ਼ ਸੁਣ ਕੇ ਰੋਂਦਾ ਹੋਇਆ ਵੀ ਚੁੱਪ ਕਰ ਜਾਂਦਾ ਹੈ।

ਮਾਹਿਰ ਦੱਸਦੇ ਹਨ ਕਿ ਡੇਢ ਮਹੀਨੇ ਦੇ ਬੱਚੇ ਨੂੰ ਕਿਤਾਬ ਵਿੱਚੋਂ ਪੜ੍ਹ ਕੇ ਕਹਾਣੀ ਸੁਣਾਈ ਜਾ ਸਕਦੀ ਹੈ। ਕਿਤਾਬ ਨਾਲ ਬੱਚੇ ਦੀ ਇਹ ਪਹਿਲੀ ਮੁਲਾਕਾਤ ਹੁੰਦੀ ਹੈ। ਬੱਚੇ ਬਹੁਤ ਸਾਰੀਆਂ ਗੱਲਾਂ ਸੁਣਨੀਆਂ ਚਾਹੁੰਦੇ ਹਨ, ਕਿਉਂਕਿ ਉਨ੍ਹਾਂ ਦਾ ਬਣਦਾ ਹੋਇਆ ਦਿਮਾਗ਼ ਨਵੇਂ ਸ਼ਬਦ ਸਮੇਟਣਾ ਸ਼ੁਰੂ ਕਰਦਾ ਹੈ ਤਾਂ ਜੋ ਅੱਗੇ ਜਾ ਕੇ ਇਨ੍ਹਾਂ ਸ਼ਬਦਾਂ ਨਾਲ ਦੇਖੀ ਹੋਈ ਚੀਜ਼ ਦੀ ਸਾਂਝ ਬਣਾ ਸਕੇ। ਦਰਅਸਲ ਸ਼ਬਦਾਂ ਦਾ ਤਾਂ

ਬੱਚੇ ਨੂੰ ਮਤਲਬ ਪਤਾ ਹੀ ਨਹੀਂ ਹੁੰਦਾ। ਉਹ ਤਾਂ ਸਿਰਫ਼ ਮਾਂ ਜਾਂ ਪਿਓ ਦੇ ਪਿਆਰ ਨਾਲ ਬੋਲਣ ਦੇ ਅੰਦਾਜ਼ 'ਤੇ ਹੀ ਫ਼ਿਦਾ ਹੋ ਜਾਂਦਾ ਹੈ ਤੇ ਸਦੀਵੀ ਸਾਂਝ ਗੰਢ ਲੈਂਦਾ ਹੈ।

ਤਿੰਨ ਮਹੀਨੇ ਦਾ ਬੱਚਾ ਤਾਂ ਮਾਂ ਜਾਂ ਪਿਓ ਦੀ ਆਵਾਜ਼ ਸੁਣ ਕੇ ਉਧਰ ਮੂੰਹ ਵੀ ਘੁਮਾਉਂਦਾ ਹੈ ਤੇ ਹਲਕੀ ਮੁਸਕਰਾਹਟ ਵੀ ਬਿਖੇਰਦਾ ਹੈ। ਇਸ ਉਮਰ 'ਤੇ ਉਹ ਕਹਾਣੀ ਦਾ ਹੁੰਗਾਰਾ ਵੀ ਆਪਣੀ ਪਿਆਰੀ 'ਊ ਊ' ਨਾਲ ਕਰਦਾ ਹੈ। ਇਸ ਉਮਰ ਦੀ ਕਹਾਣੀ ਕੁੱਝ ਇਸ ਤਰ੍ਹਾਂ ਦੀ ਹੋ ਸਕਦੀ ਹੈ, "ਇਕ ਮਗਰਮੱਛ ਸੀ। ਇਕ ਬਾਂਦਰ ਤੋਂ ਉਸ ਨੇ ਜਾਮਨ ਮੰਗੇ। ਮਗਰਮੱਛ ਜਾਮੁਨ ਖਾ ਕੇ ਘੁੰਮਣ ਚਲਾ ਗਿਆ।" ਇਸ ਕਹਾਣੀ ਵਿਚ ਮਾਂ ਵੱਲੋਂ ਅੱਖਾਂ ਘੁਮਾਉਣੀਆਂ, ਮੂੰਹ ਵੱਡਾ ਛੋਟਾ ਜਾਂ ਗੋਲ ਖੋਲ੍ਹਣਾ ਤੇ ਰੱਜ ਕੇ ਮੁਸਕਰਾਉਣਾ ਜ਼ਰੂਰੀ ਹੈ, ਕਿਉਂਕਿ ਬੱਚੇ ਨੂੰ ਮਗਰਮੱਛ ਜਾਂ ਬਾਂਦਰ ਦੀ ਉੱਕਾ ਸਮਝ ਨਹੀਂ ਹੁੰਦੀ। ਇਸ ਉਮਰ ਵਿਚ ਜੇ ਬੱਚਾ ਹੀ ਕਹਾਣੀ ਸੁਣਨਾ ਚਾਹੇ ਤਾਂ ਆਪਣੀ 'ਊ ਊ' ਕਰਕੇ ਬੁਲਾਉਂਦਾ ਹੈ। ਜੇ ਤਾਂ ਮਾਪੇ ਟੀ.ਵੀ. ਜਾਂ ਅਖ਼ਬਾਰ ਵਿਚ ਮਗਨ ਹਨ ਤੇ ਉਸਦੀ 'ਊ ਊ' ਨਹੀਂ ਸੁਣਦੇ ਤਾਂ ਬੱਚਾ ਆਪੇ ਹੀ ਚੁੱਪ ਹੋ ਜਾਂਦਾ ਹੈ ਜਾਂ ਰੋਣਾ ਸ਼ੁਰੂ ਕਰ ਦਿੰਦਾ ਹੈ। ਕਈ ਵਾਰ ਬੱਚਾ ਆਪਣੀ ਸਾਂਝ ਹੀ ਮਾਪਿਆਂ ਨਾਲ ਘਟਾ ਦਿੰਦਾ ਹੈ।

ਜੇ ਮਾਪੇ 'ਊ ਊ' ਦਾ ਜਵਾਬੀ ਹੁੰਗਾਰਾ 'ਊ ਊ' ਜਾਂ 'ਤੂ ਰੂ' ਆਦਿ ਕਹਿ ਕੇ ਹੀ ਸਾਰ ਦੇਣ ਤਾਂ ਬੱਚਾ ਸਮਝ ਲੈਂਦਾ ਹੈ ਕਿ ਮਾਪੇ ਵੀ ਮੇਰੇ ਵਾਂਗ ਗੁੰਗੇ ਹੀ ਹਨ, ਅੱਗੋਂ ਗੱਲ ਕਰਨ ਦਾ ਕੋਈ ਫ਼ਾਇਦਾ ਨਹੀਂ। ਜੇ ਮਾਪੇ ਇਹ ਸੁਨੇਹਾ ਸਮਝ ਕੇ ਕਹਾਣੀ ਸੁਣਾਉਣ ਲੱਗ ਪੈਣ ਤਾਂ ਬੱਚਾ ਜ਼ਿਆਦਾ ਵਾਰ ਜ਼ਿਆਦਾ ਸ਼ਬਦ ਸੁਣਨ ਨਾਲ ਲਾਇਕ ਬਣਨਾ ਸ਼ੁਰੂ ਹੋ ਜਾਂਦਾ ਹੈ।

ਚਾਰ ਤੋਂ ਛੇ ਮਹੀਨੇ ਦੇ ਬੱਚੇ ਦੀ ਕਹਾਣੀ ਵਿਚ ਆਵਾਜ਼ਾਂ ਹੋਣੀਆਂ ਬਹੁਤ ਜ਼ਰੂਰੀ ਹਨ ਤੇ ਇਸ਼ਾਰੇ ਵੀ, ਕਿਉਂਕਿ ਬੱਚਾ 'ਬਾ', 'ਮਾ' ਅੱਖਰ ਆਪ ਵੀ ਬੋਲਣ ਦੀ ਕੋਸ਼ਿਸ਼ ਕਰਦਾ ਹੈ, ਇਸੇ ਲਈ ਕਹਾਣੀ ਵਿਚਲੇ ਬਹੁਤੇ ਅੱਖਰ ਇਨ੍ਹਾਂ ਅੱਖਰਾਂ ਤੋਂ ਸ਼ੁਰੂ ਹੋਣੇ ਚਾਹੀਦੇ ਹਨ। ਕਹਾਣੀ ਕੁੱਝ ਇਸ ਤਰ੍ਹਾਂ ਹੋ ਸਕਦੀ ਹੈ, "ਬਿੱਲੀ ਬੋਲੀ ਮਿਆਊਂ। ਮੰਮੀ ਵੀ ਬੋਲੀ ਮਿਆਊਂ। ਬਕਰੀ ਬੋਲੀ ਮੇਂ ਮੇਂ।" ਗਾਣਾ ਸੁਣਨ ਨੂੰ ਵੀ ਬੱਚਾ ਤਰਜੀਹ ਦਿੰਦਾ ਹੈ ਤੇ ਮਾਂ ਵੱਲੋਂ ਸੁਣਾਇਆ ਗਾਣਾ ਜਾਂ ਲੋਰੀ ਵੀ ਖ਼ੁਸ਼ ਹੋ ਕੇ ਸੁਣਦਾ ਹੈ ਤੇ ਗਾਣੇ ਵਿਚ ਹੀ ਆਪਣੀ 'ਕੂ ਕੂ' ਨਾਲ ਰਸ ਭਰ ਦਿੰਦਾ ਹੈ।

ਸੱਤ ਮਹੀਨੇ ਤੋਂ ਇਕ ਸਾਲ ਦਾ ਬੱਚਾ ਆਪਣਾ ਨਾਂ ਪਛਾਣਦਾ ਹੈ ਤੇ ਆਮ ਚੀਜ਼ਾਂ ਜਿਵੇਂ ਕੱਪ, ਗਲਾਸ, ਪਾਣੀ ਆਦਿ ਵੀ ਪਛਾਣਨ ਲੱਗ ਪੈਂਦਾ ਹੈ। ਉਹ 'ਆ ਜਾ', 'ਟਾ ਟਾ' ਤੇ 'ਨਾ' ਜਾਂ 'ਹਾਂ' ਵਾਚਕ ਅੱਖਰ ਤੇ ਉਨ੍ਹਾਂ ਸ਼ਬਦਾਂ ਦੇ ਮਤਲਬ ਵੀ ਸਮਝਣ ਲੱਗ ਪੈਂਦਾ ਹੈ। ਬੱਚਾ ਮਾਪਿਆਂ ਵੱਲੋਂ ਕੱਢੀਆਂ ਆਵਾਜ਼ਾਂ ਦੁਹਰਾਉਂਦਾ ਵੀ ਹੈ।

ਇਹ ਭਾਸ਼ਾ-ਵਿਗਿਆਨੀਆਂ ਨੇ ਸਾਬਤ ਕਰ ਦਿੱਤਾ ਹੈ ਕਿ ਬੱਚਾ ਛੇ ਮਹੀਨਿਆਂ ਦੀ ਉਮਰ ਤੋਂ ਹੀ ਆਪਣੀ ਮਾਂ-ਬੋਲੀ ਦੀਆਂ ਧੁਨੀਆਂ ਨੂੰ ਬੋਲਣ ਦਾ ਤਰੀਕਾ ਮਾਂ ਦੇ ਹਿਲਦੇ ਬੁੱਲ੍ਹਾਂ ਨਾਲ ਜੋੜ ਕੇ ਸਿੱਖ ਲੈਂਦਾ ਹੈ ਕਿ 'ਆ' ਲਫ਼ਜ਼ ਲਈ ਕਿਵੇਂ ਦਾ ਮੂੰਹ ਖੋਲ੍ਹਣਾ ਹੈ ਤੇ 'ਈ' ਲਫ਼ਜ਼ ਲਈ ਕਿਵੇਂ ਦਾ। ਇਸੇ ਲਈ ਉਹ ਆਪਣਾ ਜਬਾੜਾ, ਬੁੱਲ੍ਹ ਤੇ ਜੀਭ ਨੂੰ ਅਲੱਗ ਅਲੱਗ ਤਰੀਕੇ ਨਾਲ ਤਾਲਮੇਲ ਕਰ ਕੇ ਵੱਖਰੀਆਂ ਵੱਖਰੀਆਂ ਆਵਾਜ਼ਾਂ ਕੱਢਣ ਦੀ ਕੋਸ਼ਿਸ਼ ਕਰਦਾ ਹੈ ਕਿ ਕਿਸ ਤਰ੍ਹਾਂ ਦੇ ਤਾਲਮੇਲ ਨਾਲ ਕਿਹੜੀ ਤਰ੍ਹਾਂ ਦੀ ਆਵਾਜ਼ ਨਿਕਲੇਗੀ।

ਨੌਂ ਕੁ ਮਹੀਨਿਆਂ ਦਾ ਬੱਚਾ ਤਾਂ 'ਬਲਾ, ਵਲਾ, ਊ, ਬਾ, ਕੀ' ਆਦਿ ਊਟ-ਪਟਾਂਗ ਆਵਾਜ਼ਾਂ ਕੱਢ ਕੇ ਆਪਣੀ ਪੂਰੀ ਗੱਲ ਸਮਝਾ ਵੀ ਦਿੰਦਾ ਹੈ।

ਸੱਤ ਮਹੀਨਿਆਂ ਤੋਂ ਇਕ ਸਾਲ ਦਾ ਬੱਚਾ ਕੁੱਝ ਅਜਿਹੀ ਕਹਾਣੀ ਵਿਚ ਜ਼ਿਆਦਾ ਧਿਆਨ ਦਿੰਦਾ ਹੈ, ਜਿਸ ਵਿਚ ਜਾਣੀਆਂ-ਪਛਾਣੀਆਂ ਚੀਜ਼ਾਂ ਹੋਣ ਤੇ ਆਵਾਜ਼ਾਂ ਦੀ ਖੁੱਲ੍ਹੀ ਵਰਤੋਂ ਕੀਤੀ ਗਈ ਹੋਵੇ। ਇਹ ਜ਼ਰੂਰੀ ਹੈ ਕਿ ਕਹਾਣੀ ਵਿਚਲੀਆਂ ਚੀਜ਼ਾਂ ਨਾਲ ਬੱਚੇ ਦੀ ਜਾਣ-ਪਛਾਣ ਨਾਲ ਦੀ ਨਾਲ ਹੀ ਕੀਤੀ ਜਾਵੇ। ਜਿਵੇਂ "ਇਕ ਚਿੜੀ ਸੀ, ਔਹ ਵੇਖ ਚਿੜੀ ਬੈਠੀ ਹੈ। ਚਿੜੀ ਕਹਿੰਦੀ ਚੀਂ ਚੀਂ, ਅੱਜ ਮੈਂ ਸੋਨੂੰ ਦੇ ਗਲਾਸ ਵਿੱਚੋਂ ਦੁੱਧ ਪੀ ਲੈਣੈ। ਉਹ ਵੇਖ ਬਿੱਲੀ ਆਈ, ਐਹ ਬਿੱਲੀ ਕਹਿੰਦੀ, ਮਿਆਊਂ ਮਿਆਊਂ, ਮੈਂ ਪੀਵਾਂਗੀ, ਸੋਨੂੰ ਦੇ ਗਲਾਸ ਵਿੱਚੋਂ ਦੁਧੂ। ਫੇਰ ਕੁੱਤਾ ਆ ਗਿਆ। ਓਹ ਰਿਹਾ, ਵਾਊ ਵਾਊ ਕਰਦਾ। ਕੁੱਤਾ ਕਹਿੰਦਾ, ਵਾਊ ਵਾਊ ਮੈਂ ਪੀਵਾਂਗਾ ਸੋਨੂੰ ਦਾ ਦੁੱਧ। ਸੋਨੂੰ ਸਭ ਤੋਂ ਤਗੜਾ ਸੀ। ਸੋਨੂੰ ਨੇ ਫਟਾਫਟ ਗਲਾਸ ਵਿੱਚੋਂ ਦੁੱਧ ਪੀ ਲਿਆ। ਚਿੜੀ ਚੀਂ ਚੀਂ ਕਰ ਕੇ ਉੱਡ ਗਈ। ਕੁੱਤਾ ਵਾਊ ਵਾਊ ਕਰਦਾ ਭੱਜ ਗਿਆ। ਬਿੱਲੀ ਵੀ ਮਿਆਊਂ ਮਿਆਊਂ ਕਰਦੀ ਭੱਜ ਗਈ।"

ਅਜਿਹੀ ਕਹਾਣੀ ਵਿਚ ਬੱਚਾ ਆਪਣੇ ਆਪ ਨੂੰ ਸ਼ਾਮਿਲ ਸਮਝਦਾ ਹੈ ਤੇ ਆਵਾਜ਼ਾਂ [illegible] ਦੀ ਕੋਸ਼ਿਸ਼ ਵੀ ਕਰਦਾ ਹੈ। ਕਹਾਣੀ ਸਰਲ ਬੋਲੀ ਤੇ ਮਾਂ-ਬੋਲੀ ਵਿਚ ਹੀ ਹੋਣੀ ਚਾਹੀਦੀ ਹੈ ਤਾਂ ਜੋ ਬੱਚੇ ਦੇ ਸਾਫ਼ ਸਲੇਟ ਵਰਗੇ ਦਿਮਾਗ਼ ਦੇ ਕੰਪਿਊਟਰ ਵਿਚ [illegible] ਜਾ ਸਕਣ। ਇਸ ਤਰ੍ਹਾਂ ਉਹ ਨਵੇਂ ਅੱਖਰ ਛੇਤੀ ਸਿੱਖਦਾ ਹੈ।

ਇਸ ਉਮਰ [illegible] ਕਹਾਣੀ ਵਿਚ ਰੰਗ ਦੀ ਵਰਤੋਂ ਵੀ ਕੀਤੀ ਜਾਣੀ ਚਾਹੀਦੀ ਹੈ। ਜਿਵੇਂ, "[illegible] ਲਾਲ [illegible] ਤੇ ਪੀਲਾ ਫੁੱਲ ਐ। ਨੀਟੂ ਕਹਿੰਦੀ ਐ ਮੈਂ ਇਹ [illegible]। ਇਸ [illegible] ਹਰੇ ਪੱਤੇ ਨੇ", ਆਦਿ।

[illegible] ਵਿਚ [illegible] ਵੀ ਸ਼ਾਮਿਲ ਕਰ ਲੈਣੀ ਚਾਹੀਦੀ ਹੈ। ਜਿਵੇਂ [illegible] ਤੇ ਕਹੋ, "ਸੋਨੂੰ ਐਹ ਇਕ ਗੇਂਦ।" ਇਸ [illegible] ਦਿਓ। ਫੇਰ ਦੂਜੀ ਉਂਗਲ ਚੁੱਕ ਕੇ 'ਦੋ' [illegible], ਆਦਿ।

ਇਸ ਉਮਰ ਤੋਂ ਹੀ ਬੱਚੇ ਦੇ 'ਊ, ਊ' ਦਾ ਜਵਾਬੀ ਹੁੰਗਾਰਾ ਇਸ ਤਰ੍ਹਾਂ ਹੋਣਾ ਜ਼ਰੂਰੀ ਹੈ, "ਅੱਛਾ ਫੇਰ ਕੀ ਹੋਇਆ ? ਹੋਰ ਸੁਣਾ ? ਆ ਹਾ। ਸੱਚੀਂ ? ਸੋਨੂੰ ਐਨਾ ਕੁੱਝ ਸੁਣਾ ਰਿਹਾ।" ਇਸ ਨਾਲ ਬੱਚੇ ਨੂੰ ਹੋਰ ਬੋਲਣ ਦਾ ਉਤਸ਼ਾਹ ਮਿਲਦਾ ਹੈ ਕਿ ਸ਼ਾਇਦ ਉਹ ਵੀ ਕਹਾਣੀ ਸੁਣਾ ਸਕਦਾ ਹੈ। ਇਸ ਤਰ੍ਹਾਂ ਕਈ ਵਾਰ ਬੱਚਾ ਆਪਣੀ ਭੁੱਖ ਵੀ ਭੁੱਲ ਕੇ ਘੰਟਿਆਂ ਬੱਧੀ 'ਊ ਆ' ਹੀ ਕਰਦਾ ਰਹਿੰਦਾ ਹੈ।

ਇਸੇ ਉਮਰ ਦੇ ਬੱਚੇ ਨਾਲ ਕਹਾਣੀ ਸੁਣਾਉਂਦਿਆਂ ਹੋਇਆਂ ਤਾੜੀ ਮਾਰਨੀ, ਲੁਕਾ ਛਿਪੀ ਕਰਨੀ ਜਾਂ ਹੱਟ ਮੱਖੀ ਦੌੜ ਜਾ ਮੇਰਾ ਸੋਨੂੰ ਕਹਾਣੀ ਸੁਣਾ ਰਿਹਾ ਹੈ, ਆਦਿ ਕਹਿਣਾ ਚਾਹੀਦਾ ਹੈ, ਕਿਉਂਕਿ ਇਸ ਤਰ੍ਹਾਂ ਕਹਾਣੀ ਸੁਣਾਉਂਦਿਆਂ ਸੁਣਾਉਂਦਿਆਂ ਹੀ ਬੱਚੇ ਨੂੰ ਏਨੇ ਢੇਰ ਸਾਰੇ ਲਫ਼ਜ਼ ਮਿਲ ਜਾਂਦੇ ਹਨ ਕਿ ਉਹ ਲਗਭਗ ਆਪਣੀ ਮਾਂ-ਬੋਲੀ ਦੇ ਹਰ ਪਹਿਲੂ ਤੋਂ ਵਾਕਫ਼ ਹੋਣ ਲੱਗ ਪੈਂਦਾ ਹੈ ਤੇ ਇਹ ਸਭ ਉਸ ਦੇ ਅਚੇਤ ਦਿਮਾਗ਼ ਵਿਚ ਕਦੋਂ ਸਦੀਵੀ ਛਾਪ ਛੱਡ ਦਿੰਦੇ ਹਨ, ਪਤਾ ਹੀ ਨਹੀਂ ਲੱਗਦਾ।

ਇਕ ਤੋਂ ਦੋ ਸਾਲ ਦਾ ਬੱਚਾ ਨਿੱਕੇ ਨਿੱਕੇ ਚਾਰ ਜਾਂ ਪੰਜ ਅੱਖਰਾਂ ਦੇ ਸੌਖੇ ਗੀਤ ਸਿੱਖਣਾ ਤੇ ਸੁਣਨਾ ਚਾਹੁੰਦਾ ਹੈ, ਜਿਵੇਂ "ਮੋਟਾ ਸੇਠ, ਸੜਕ ਪਰ ਲੇਟ; ਆ ਗਈ ਮੋਟਰ, ਦਬ ਗਿਆ ਪੇਟ," ਆਦਿ। ਇਸ ਉਮਰ ਦੀਆਂ ਕਹਾਣੀਆਂ ਛੋਟੀਆਂ, ਪਰ ਸੌਖੇ ਲਫ਼ਜ਼ਾਂ ਨਾਲ ਭਰਪੂਰ ਹੋਣੀਆਂ ਚਾਹੀਦੀਆਂ ਹਨ। ਵੱਡੇ ਅੱਖਰ ਜਿਵੇਂ ਉਨੀਂਦਰਾ, ਉੱਦਮ, ਵਧੀਕੀਆਂ ਆਦਿ ਨਾਲ ਬੱਚੇ ਦਾ ਧਿਆਨ ਕਹਾਣੀ ਵੱਲੋਂ ਟੁੱਟਣ ਲੱਗ ਪੈਂਦਾ ਹੈ, ਕਿਉਂਕਿ ਉਸ ਦਾ ਦਿਮਾਗ਼ ਉਸ ਨਵੇਂ ਲਫ਼ਜ਼ ਦੀ ਕੋਡਿੰਗ ਅਨ-ਕੋਡਿੰਗ ਵਿਚ ਹੀ ਰੁੱਝਿਆ ਰਹਿ ਜਾਂਦਾ ਹੈ।

ਕਹਾਣੀ ਵਿਚ ਹੋਰ ਅਪਣੱਤ ਭਰਨ ਲਈ ਅਤੇ ਬੱਚੇ ਦਾ ਰੁਝਾਨ ਵਧਾਉਣ ਲਈ ਕਹਾਣੀ ਵਿਚ ਰਲਵੇਂ-ਮਿਲਵੇਂ ਲਫ਼ਜ਼ ਭਰਨੇ ਚਾਹੀਦੇ ਹਨ, ਜਿਨ੍ਹਾਂ ਦਾ ਕੋਈ ਮਤਲਬ ਨਿਕਲਦਾ ਹੋਵੇ ਜਾਂ ਨਾ ਯਾਨੀ ਊਲ-ਜਲੂਲ ਅੱਖਰ ਜਿਵੇਂ ਸੋਨੂੰ ਦਾ ਮੋਨੂੰ, ਨਿੱਕੂ ਦਾ ਮਿੱਕੂ ਜਾਂ ਉਹ ਡੱਡੂ ਤਾਂ ਬਿਲਕੁਲ ਟੱਪੂ ਦਾ ਪੱਪੂ ਈ ਐ, ਆਦਿ।

ਅਜਿਹੀ ਕਹਾਣੀ ਸੁਣਦੇ ਹੋਏ ਬੱਚੇ ਦਾ ਪੂਰਾ ਧਿਆਨ, ਉਸ ਦੀ ਮੁਸਕਰਾਹਟ ਤੇ ਵਿਚ ਵਿਚ ਖਿੜਖਿੜਾ ਕੇ ਹੱਸਣਾ ਇਹ ਸਾਬਤ ਕਰ ਦਿੰਦਾ ਹੈ ਕਿ ਅਜਿਹੀ ਕਹਾਣੀ ਉਹ ਸੁਣਨਾ ਚਾਹੁੰਦਾ ਹੈ।

ਆਪਣੇ ਹਮਉਮਰ ਬੱਚਿਆਂ ਨਾਲ ਤੇ ਜਾਨਵਰਾਂ ਨਾਲ ਤਾਂ ਏਨਾ ਲਗਾਓ ਹੁੰਦਾ ਹੈ ਕਿ ਇਸ ਉਮਰ ਦੇ ਬੱਚੇ ਜਾਨਵਰਾਂ ਦੀਆਂ ਕਹਾਣੀਆਂ ਜਾਂ ਕਾਰਟੂਨ ਚੈਨਲ ਵੇਖਣਾ ਵੀ ਪਸੰਦ ਕਰਦੇ ਹਨ। ਕਹਾਣੀ ਵਿਚ ਛੋਟੇ ਤੇ ਅੱਛੇ ਜਾਨਵਰ ਦੀ ਵੱਡੇ ਤੇ ਖ਼ੂੰਖਾਰ ਜਾਨਵਰ ਉੱਤੇ ਜਿੱਤ ਹੀ ਦਰਸਾਉਣੀ ਚਾਹੀਦੀ ਹੈ, ਜਿਵੇਂ ਨਿੱਕੇ ਚੂਹੇ ਨੇ ਕਿਵੇਂ ਵੱਡੀ ਤੇ ਖ਼ੂੰਖ਼ਾਰ ਬਿੱਲੀ ਤੋਂ ਬਚ ਕੇ ਉਸ ਨੂੰ ਸਬਕ ਸਿਖਾ ਦਿੱਤਾ। ਆਪਣੇ ਸਰੀਰ ਦੇ ਅੰਗਾਂ

ਬਾਰੇ ਵੀ ਬੱਚੇ ਨੂੰ ਪਤਾ ਲੱਗਣਾ ਸ਼ੁਰੂ ਹੋ ਜਾਂਦਾ ਹੈ। ਇਸ ਲਈ ਕਹਾਣੀ ਵਿਚਲੇ ਪਾਤਰ ਦੇ ਅੰਗਾਂ ਬਾਰੇ ਬੋਲ ਕੇ ਨਾਲ ਦੀ ਨਾਲ ਬੱਚੇ ਦੇ ਅੰਗ ਵੀ ਟੋਹ ਕੇ ਉਸ ਨੂੰ ਦੱਸ ਦੇਣੇ ਚਾਹੀਦੇ ਹਨ। ਜਿਵੇਂ ਚੂਹੇ ਨੇ ਬਾਂਹ ਚੁੱਕ ਕੇ ਆਪਣੇ ਡੌਲੇ ਵਿਖਾਏ, ਆਹ ਵੇਖ ਤੇਰੀ ਬਾਂਹ। ਇਸ ਤਰ੍ਹਾਂ ਬੋਲਣ ਦੇ ਨਾਲ ਬੱਚੇ ਦੀ ਬਾਂਹ ਚੁੱਕ ਕੇ ਉਸ ਦੇ ਡੌਲੇ ਟੋਹ ਕੇ ਵੀ ਵਿਖਾ ਦਿਓ।

ਇਸ ਉਮਰ ਦੀਆਂ ਕਵਿਤਾਵਾਂ ਜਾਂ ਗਾਣੇ ਵੀ ਲੈਅ ਵਾਲੇ ਹੋਣੇ ਚਾਹੀਦੇ ਹਨ, ਜਿਸ ਨਾਲ ਬੱਚਾ ਕੁੱਝ ਲੱਤ ਪੈਰ ਹਿਲਾ ਵੀ ਸਕੇ। ਜੇ ਕਿਤੇ ਜੰਮਣ ਤੋਂ ਪਹਿਲਾਂ ਵਾਲਾ ਮਧੁਰ ਸੰਗੀਤ ਲਾ ਦਿੱਤਾ ਜਾਵੇ ਤਾਂ ਬੱਚਾ ਮਸਤ ਹੁੰਦਾ ਵੇਖਿਆ ਜਾ ਸਕਦਾ ਹੈ। ਇੱਥੇ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਕਾਮ ਭੜਕਾਊ ਗਾਣੇ ਇਸ ਉਮਰ ਵਿਚ ਸੁਣਨ ਨਾਲ ਬੱਚੇ ਦੀ ਮਾਨਸਿਕਤਾ ਹਮੇਸ਼ਾ ਲਈ ਬੀਮਾਰ ਹੋ ਸਕਦੀ ਹੈ।

ਕਿਤਾਬ ਵਿੱਚੋਂ ਕਹਾਣੀ ਵਿਚਲੀ ਫ਼ੋਟੋ ਵਿਖਾ ਕੇ ਕਹਾਣੀ ਸੁਣਾਈ ਜਾਏ ਤਾਂ ਕਹਾਣੀ ਵਿਚ ਬੱਚੇ ਦਾ ਰੁਝਾਨ ਹੋਰ ਵੀ ਵੱਧ ਜਾਂਦਾ ਹੈ। ਦੂਜੀ ਵਾਰ ਕਹਾਣੀ ਸੁਣਾਉਣ ਲੱਗਿਆਂ ਬੱਚੇ ਤੋਂ ਤਸਵੀਰ ਉੱਤੇ ਉਂਗਲ ਲਗਵਾਉਣੀ ਚਾਹੀਦੀ ਹੈ। ਫ਼ਰਜ਼ ਕਰੋ ਜੇ ਤਸਵੀਰ ਘੋੜੇ ਦੀ ਹੈ ਤਾਂ ਬੱਚਾ ਘੋੜੇ ਦੀ ਤਸਵੀਰ ਨਾਲ ਘੋੜਾ ਸ਼ਬਦ ਵੀ ਜੋੜ ਲਵੇਗਾ ਤੇ ਨਾਲ ਦੀ ਨਾਲ ਘੋੜੇ ਦੀ ਆਵਾਜ਼ ਵੀ ਸਮਝ ਲਵੇਗਾ। ਇਹ ਉਸ ਦੇ ਵਧਦੇ ਦਿਮਾਗ਼ ਲਈ ਜ਼ਰੂਰੀ ਹੈ। ਇਸ ਨਾਲ ਬੱਚੇ ਦੀ ਯਾਦਦਾਸ਼ਤ ਵੀ ਵਧਦੀ ਹੈ।

ਨਹਾਉਣ ਦਾ ਵਕਤ ਤਾਂ ਇਸ ਉਮਰ ਵਿਚ ਆਵਾਜ਼ਾਂ ਭਰਪੂਰ ਹੋਣਾ ਚਾਹੀਦਾ ਹੈ। ਬੱਚੇ ਨੂੰ ਪਾਣੀ ਦੀ ਆਵਾਜ਼, ਬੁਲਬੁਲੇ ਕੱਢਣ ਦੀ ਆਵਾਜ਼, ਘੜੀ ਦੀ ਟਿਕ ਟਿਕ, ਇੰਜਣ, ਹਵਾਈ ਜਹਾਜ਼ ਤੇ ਵੱਖਰੇ ਵੱਖਰੇ ਜਾਨਵਰਾਂ ਦੀਆਂ ਆਵਾਜ਼ਾਂ, ਪੀੜ੍ਹੀ ਘੜੀਸਣ ਦੀ ਆਵਾਜ਼, ਕੱਪ ਡਿੱਗਣ ਦੀ ਆਵਾਜ਼ ਆਦਿ ਨਾਲ ਵਾਕਫ਼ੀਅਤ ਜ਼ਰੂਰੀ ਹੈ। ਇਸ ਤਰ੍ਹਾਂ ਨਰਸਰੀ ਵਿਚ ਜਦੋਂ ਆਵਾਜ਼ਾਂ ਸਿਖਾਈਆਂ ਜਾਂਦੀਆਂ ਹਨ ਤਾਂ ਬੱਚਾ ਸਕਿੰਟਾਂ ਵਿਚ ਹੀ ਦਿਮਾਗ਼ ਵਿੱਚੋਂ ਅਨ-ਕੋਡਿੰਗ ਕਰ ਕੇ ਸਿੱਖ ਲੈਂਦਾ ਹੈ।

ਬੱਚੇ ਦੇ ਇਕ ਲਫ਼ਜ਼ ਤੋਂ ਅੱਗੇ ਕਹਾਣੀ ਘੜ ਲਈਦੀ ਹੈ। ਜਿਵੇਂ ਬੱਚੇ ਨੇ ਲਫ਼ਜ਼ ਬੋਲਿਆ, ਕਾਰ। ਤਾਂ ਅੱਗੇ ਮਾਂ ਨੂੰ ਚਾਹੀਦਾ ਹੈ ਕਹੇ, ਕਾਰ ਚੱਲੀ, ਸੋਨੂੰ ਨੂੰ ਲੈ ਕੇ ਦੂਰ ਜੰਗਲ ਵਿਚ ਗਈ, ਉੱਥੇ ਸੋਨੂੰ ਨੇ ਹਾਥੀ ਵੇਖਿਆ। ਹਾਥੀ ਨੇ ਜ਼ੋਰ ਦੀ ਚਿੰਘਾੜ ਕੇ ਸੋਨੂੰ ਨੂੰ ਸਤਿ ਸ੍ਰੀ ਅਕਾਲ ਕਹੀ। ਹਾਥੀ ਕਿਵੇਂ ਚਿੰਘਾੜਿਆ—'ਵੋ ਓ'।

ਦੋ ਤੋਂ ਤਿੰਨ ਸਾਲ ਦੇ ਬੱਚੇ ਦੀ ਸਮਝ ਕੁੱਝ ਜ਼ਿਆਦਾ ਹੋ ਜਾਂਦੀ ਹੈ। ਉਹ ਦਰਵਾਜ਼ੇ ਦੀ ਘੰਟੀ, ਟੈਲੀਫ਼ੂਨ ਦੀ ਘੰਟੀ, ਉੱਪਰ ਜਾਣਾ, ਥੱਲੇ ਉਤਰਨਾ, ਬਾਰੇ ਪੂਰੀ ਤਰ੍ਹਾਂ ਸਮਝ ਲੈਂਦਾ ਹੈ। ਗੱਲ ਬਾਤ ਵਿਚ ਵੀ ਕ੍ਰਿਆ ਬਾਰੇ ਸਮਝਣ ਲੱਗ ਪੈਂਦਾ ਹੈ, ਜਿਵੇਂ "ਗੇਂਦ ਲਿਆ ਕੇ ਮੇਰੇ ਵੱਲ ਸੁੱਟ।" ਟੈਲੀਵੀਜ਼ਨ ਨਾ ਵੇਖਦੇ ਹੋਏ ਵੀ ਉਹ ਦੂਜੇ ਕਮਰੇ ਵਿੱਚੋਂ ਹੀ ਆਵਾਜ਼ ਸੁਣ ਕੇ ਇਸ਼ਤਿਹਾਰ ਬਾਰੇ ਦੱਸ ਸਕਦਾ ਹੈ। ਚੀਜ਼ਾਂ

ਦਾ ਨਾਂ ਲੈ ਕੇ ਬੱਚਾ ਪੁੱਛਣਾ ਵੀ ਸ਼ੁਰੂ ਕਰ ਦਿੰਦਾ ਹੈ, "ਮੇਰਾ ਬਸਤਾ ਕਿੱਥੇ ?" ਜਾਂ "ਮੰਮੀ ਕਿੱਥੇ ?" ਇਸ ਵੇਲੇ ਬੱਚੇ ਨੂੰ ਸਿਖਾਉਣ ਦਾ ਤਰੀਕਾ ਵੱਖਰਾ ਹੋ ਜਾਂਦਾ ਹੈ। ਫ਼ਰਜ਼ ਕਰੋ ਬੱਚੇ ਨੇ ਕਿਹਾ, "ਫੁੱਲ।" ਮਾਪੇ ਕਹਿਣਗੇ, "ਹਾਂ, ਸੋਹਣਾ ਫੁੱਲ, ਲਾਲ ਰੰਗ ਦਾ ਐ। ਖ਼ੁਸ਼ਬੂ ਵੀ ਸੋਹਣੀ ਹੈ। ਮੇਰਾ ਸੋਨੂੰ ਸੁੰਘੇਗਾ ?" ਇਸ ਤਰੀਕੇ ਨਾਲ ਫੁੱਲ ਦੀ ਪੂਰੀ ਜਾਣਕਾਰੀ ਬੱਚੇ ਨੂੰ ਮਿਲ ਗਈ। ਇਹੀ ਕੁੱਝ ਕਹਾਣੀ ਦੀ ਕਿਤਾਬ 'ਤੇ ਲਿਖਿਆ ਹੋਣਾ ਚਾਹੀਦਾ ਹੈ।

ਜੇ ਭੈਣ ਬਾਰੇ ਕਹਿਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ, "ਦੀਦੀ—ਕੁੜੀ, ਵੱਡੀ ਹੋ ਕੇ ਮੰਮੀ ਵਾਂਗ ਔਰਤ। ਸੋਨੂੰ ਮੁੰਡਾ—ਵੱਡਾ ਹੋ ਕੇ ਪਾਪਾ ਵਾਂਗ ਆਦਮੀ।"

ਇਸੇ ਹੀ ਤਰ੍ਹਾਂ ਕੋਈ ਚੀਜ਼ ਬਾਲਟੀ ਵਿਚ ਪਾ ਕੇ, ਬੱਚੇ ਤੋਂ ਕਢਵਾ ਕੇ ਉਸ ਚੀਜ਼ ਦਾ ਵਿਸਥਾਰ ਦੱਸਿਆ ਜਾ ਸਕਦਾ ਹੈ।

ਕਹਾਣੀ ਦੀ ਕਿਤਾਬ ਚੁੱਕ ਕੇ ਉਸ ਵਿਚਲੇ ਤਰਦੇ ਹੋਏ ਬੱਚੇ ਵੱਲ ਇਸ਼ਾਰਾ ਕਰ ਕੇ ਕਹਾਣੀ ਸੁਣਾਈ ਜਾ ਸਕਦੀ ਹੈ—"ਕਾਕਾ ਤਰ ਰਿਹਾ ਹੈ, ਪਾਣੀ ਵਿਚ। ਪਾਪਾ ਤਰਦੇ ਨੇ। ਸੋਨੂੰ ਵੀ ਤਰੇਗਾ।"

ਬੱਚੇ ਨੂੰ ਸਵਾਲ ਵੀ ਅਜਿਹੇ ਪੁੱਛਣੇ ਚਾਹੀਦੇ ਹਨ, ਜਿਸ ਦਾ ਉਸ ਨੂੰ ਦੋ ਜਾਂ ਤਿੰਨ ਸ਼ਬਦਾਂ ਵਿਚ ਜਵਾਬ ਦੇਣਾ ਪਵੇ ਨਾ ਕਿ ਸਿਰਫ਼ ਹਾਂ ਜਾਂ ਨਾ ਵਿਚ। ਜਿਵੇਂ "ਦੁੱਧ ਪੀਣੈ" ਪੁੱਛਣ ਦੀ ਬਜਾਇ ਪੁੱਛੋ, "ਮੰਮੀ ਕੀ ਖਾਣ ਲਈ ਲਿਆਏ ? ਸੋਨੂੰ ਕੀ ਖਾਏਗਾ ?"

ਬੱਚੇ ਲਈ ਲਿਖੀ ਕਹਾਣੀ ਦੀ ਕਿਤਾਬ ਵੀ ਕਹਾਣੀ ਦੇ ਅਖ਼ੀਰ 'ਤੇ ਅਜਿਹੇ ਹੀ ਸਵਾਲਾਂ 'ਤੇ ਖ਼ਤਮ ਹੋਣੀ ਚਾਹੀਦੀ ਹੈ, "ਸੋਨੂੰ ਵੀ ਹੁਣ ਤਰੇਗਾ, ਕਿੱਥੇ ਤਰੇਗਾ ? ਕਦੋਂ ਤਰੇਗਾ ?" ਅਜਿਹੀ ਕਿਤਾਬ ਦੇ ਇਕ ਪਾਸੇ ਖ਼ਾਲੀ ਥਾਂ ਹੋਣੀ ਚਾਹੀਦੀ ਹੈ, ਜਿੱਥੇ ਘਰ ਵਾਲਿਆਂ ਦੀ ਫ਼ੋਟੋ ਲਾਈ ਜਾ ਸਕੇ। ਜਿਵੇਂ ਤਰਨ ਵਾਲੀ ਕਹਾਣੀ ਦੇ ਇਕ ਪਾਸੇ ਬੱਚੇ ਦੀ ਆਪਣੀ ਫ਼ੋਟੋ, ਜਿਸ ਵਿਚ ਬੱਚਾ ਪਾਣੀ ਵਿਚ ਖੇਡ ਰਿਹਾ ਹੋਵੇ ਜਾਂ ਉਸ ਦੇ ਪਾਪਾ ਤਰ ਰਹੇ ਹੋਣ, ਦੀ ਤਸਵੀਰ ਲਾਈ ਜਾ ਸਕੇ।

ਇਸ ਉਮਰ ਵਿਚ ਬੱਚਾ 150 ਤੋਂ 900 ਨਵੇਂ ਅੱਖਰਾਂ ਨੂੰ ਸਮਝਣ ਤੇ ਯਾਦ ਰੱਖਣ ਦੀ ਸ਼ਕਤੀ ਰੱਖਦਾ ਹੈ।

ਕਹਾਣੀ ਪੱਕਿਆਂ ਕਰਨ ਲਈ ਬੱਚੇ ਨੂੰ ਬਾਅਦ ਵਿਚ ਸਵਾਲ ਪੁੱਛੇ ਜਾ ਸਕਦੇ ਹਨ; ਜਿਵੇਂ, "ਪਾਪਾ ਕੀ ਕਰਦੇ ਸੀ ? ਕੀ ਕਾਕਾ ਤਰ ਰਿਹਾ ਸੀ ? ਕਾਕਾ ਮੁੰਡਾ ਹੈ ? ਕੀ ਸੋਨੂੰ ਵੀ ਮੁੰਡਾ ਹੈ ? ਸੋਨੂੰ ਦਾ ਨਾਮ ਕੀ ਹੈ ? ਕਾਕੇ ਦਾ ਨਾਮ ਕੀ ਸੀ ?" ਆਦਿ।

ਤਿੰਨ ਤੋਂ ਚਾਰ ਸਾਲ ਦਾ ਬੱਚਾ ਤਾਂ ਚਾਰ ਪੰਜ ਲਫ਼ਜ਼ਾਂ ਦੀ ਲਾਈਨ ਵੀ ਬੋਲ ਸਕਦਾ ਹੈ। ਹੁਣ ਤਕ ਦੇ ਸਿੱਖੇ ਹਜ਼ਾਰ ਲਫ਼ਜ਼ਾਂ ਦੇ ਨਾਲ ਨਾਲ ਬੱਚਾ ਹਜ਼ਾਰ ਹੋਰ ਲਫ਼ਜ਼ ਵੀ ਸਿੱਖ ਲੈਂਦਾ ਹੈ ਤੇ ਔਸਤਨ 4 ਤੋਂ 6 ਨਵੇਂ ਲਫ਼ਜ਼ ਰੋਜ਼ ਸਿੱਖ ਸਕਦਾ

ਹੈ। ਇਸ ਉਮਰ ਵਿਚ ਬੱਚਾ ਹੱਸਣ ਤੇ ਰੋਣ ਬਾਰੇ ਸਮਝਣਾ ਸ਼ੁਰੂ ਕਰ ਦਿੰਦਾ ਹੈ। ਉਸ ਨੂੰ ਗ਼ੁੱਸਾ, ਉਦਾਸੀ ਤੇ ਡਰ ਬਾਰੇ ਵੀ ਸਮਝ ਆਉਣ ਲੱਗ ਪੈਂਦੀ ਹੈ। ਇਸੇ ਲਈ ਇਨ੍ਹਾਂ ਭਾਵਾਂ ਨੂੰ ਕਹਾਣੀ ਵਿਚ ਪਰੋਇਆ ਜਾ ਸਕਦਾ ਹੈ। ਇਸ ਉਮਰ ਵਿਚ ਬੱਚਾ ਕੁੱਝ ਲੰਬੀਆਂ ਕਵਿਤਾਵਾਂ ਤੇ ਕੁੱਝ ਲੰਬੀਆਂ ਕਹਾਣੀਆਂ ਵੀ ਸੁਣ ਲੈਂਦਾ ਹੈ। ਮਾਪਿਆਂ ਦੇ ਲੰਬੇ ਆਦੇਸ਼ ਵੀ ਉਸਦਾ ਦਿਮਾਗ਼ ਸਮਝਣ ਲੱਗ ਪੈਂਦਾ ਹੈ, ਜਿਵੇਂ—"ਪੀਲਾ ਤੇ ਨੀਲਾ ਰੰਗ ਮਿਲਾ ਕੇ ਇਕ ਨਵਾਂ ਰੰਗ ਬਣਾਇਆ ਜਾ ਸਕਦਾ ਹੈ।"

ਕਿਤਾਬ ਪੜ੍ਹ ਕੇ ਸੁਣਾਉਂਦਿਆਂ ਹੋਇਆਂ ਵੱਡਾ ਮੂੰਹ ਖੋਲ੍ਹਣਾ ਜਾਂ ਅੱਖਾਂ ਘੁਮਾਉਣੀਆਂ ਤੇ ਉੱਚੀਆਂ ਆਵਾਜ਼ਾਂ ਕੱਢਣ ਦੀ ਲੋੜ ਨਹੀਂ ਪੈਂਦੀ, ਬਲਕਿ ਪੜ੍ਹ ਕੇ ਕਹਾਣੀ ਸੁਣਾਉਂਦਿਆਂ ਆਵਾਜ਼ ਵਿਚ ਹਲਕੇ ਬਦਲਾਵ ਤੋਂ ਹੀ ਬੱਚਾ ਸਮਝ ਸਕਦਾ ਹੈ। ਇਸ ਉਮਰ ਵਿਚ ਦੂਜੀ ਭਾਸ਼ਾ ਦਾ ਕੋਈ ਕੋਈ ਲਫ਼ਜ਼ ਵੀ ਕਹਾਣੀ ਸੁਣਾਉਣ ਜਾਂ ਪੜ੍ਹਨ ਲੱਗਿਆਂ ਵਰਤਿਆ ਜਾ ਸਕਦਾ ਹੈ, ਜਿਸ ਨੂੰ ਬੱਚਾ ਪਹਿਲੇ ਸਿੱਖੇ ਅੱਖਰ ਨਾਲ ਸਾਂਝ ਕੱਢ ਕੇ ਯਾਦ ਰੱਖ ਲੈਂਦਾ ਹੈ।

ਜੇ ਬੱਚੇ ਨੂੰ ਲਫ਼ਜ਼ ਬਹੁਤ ਛੇਤੀ ਸਿਖਾ ਦਿੱਤੇ ਜਾਣ ਜਾਂ ਢੇਰ ਸਾਰੇ ਲਫ਼ਜ਼ ਇਕੱਠੇ ਦੱਸੇ ਜਾਣ ਤਾਂ ਕਈ ਵਾਰ ਉਹ ਪਛਾਣਨ ਵੇਲੇ ਗੜਬੜ ਕਰ ਸਕਦਾ ਹੈ। ਜਿਵੇਂ ਘੋੜਾ ਵੇਖਦੇ ਸਾਰ ਬੱਚਾ ਇਕਦਮ ਕਹੇ, "ਉਹ ਵੇਖੋ ਹਾਥੀ ਆਉਂਦਾ ਪਿਆ।" ਨਾਂਵ, ਪੜਨਾਂਵ ਆਦਿ ਵਿਚ ਵੀ ਬੱਚਾ ਥੋੜ੍ਹੀ ਬਹੁਤ ਗੜਬੜ ਕਰ ਸਕਦਾ ਹੈ। ਕਈ ਵਾਰ ਅਜਿਹੇ ਮੌਕੇ ਇੰਨੇ ਹਾਸੋ-ਹੀਣੇ ਹੋ ਜਾਂਦੇ ਹਨ ਕਿ ਪੁੱਛੋ ਨਾ। ਜਿਵੇਂ ਇਕ ਬੱਚੇ ਨੇ ਕਿਹਾ, "ਓ ਵੇਖੋ, ਕਬਰੀਆਂ ਛੂਹਣ ਛੂਹਣ ਖੇਡਦੀਆਂ।" ਦਰਅਸਲ ਬੱਕਰੀਆਂ ਭੱਜ ਰਹੀਆਂ ਸਨ।

ਇਸੇ ਉਮਰ ਵਿਚ ਬੱਚਾ ਆਪਣੇ ਆਪ ਨੂੰ ਕਹਾਣੀ ਵਿਚ ਵੀ ਵੇਖਣਾ ਚਾਹੁੰਦਾ ਹੈ। ਮਸਲਨ, "ਇਕ ਚਿੜੀ ਤੇ ਕਾਂ ਨੇ ਖਿਚੜੀ ਖਾਣੀ ਸੀ। ਕਾਂ ਨੇ ਕਿਹਾ ਮੈਂ ਚੌਲ ਲਿਆਵਾਂਗਾ, ਤੂੰ ਦਾਲ ਲੈ ਕੇ ਆ। ਚਿੜੀ ਸੋਨੂੰ ਦੇ ਘਰ ਗਈ, ਦਾਲ ਦਾ ਦਾਣਾ ਲੈ ਕੇ ਆਈ। ਕਾਂ ਸੋਨੂੰ ਦੇ ਘਰ ਗਿਆ, ਉਹ ਚੌਲ ਦਾ ਦਾਣਾ ਲੈ ਕੇ ਆਇਆ," ਆਦਿ। ਇਕ ਹੋਰ ਨਵੀਂ ਚੀਜ਼ ਜੋ ਬੱਚਾ ਇਸੇ ਉਮਰ ਵਿਚ ਸਿੱਖਦਾ ਹੈ, ਉਹ ਹੈ 'ਅਸਮਾਨਤਾ'। ਇੱਕੋ ਜਿਹੀਆਂ ਪੰਜ ਚੀਜ਼ਾਂ ਵਿਚ ਇਕ ਵੱਖਰੀ ਚੀਜ਼ ਪਾ ਕੇ ਬੱਚੇ ਨੂੰ ਇਨ੍ਹਾਂ ਵਿੱਚੋਂ ਅਲੱਗ ਚੀਜ਼ ਨੂੰ ਲੱਭਣ ਲਈ ਕਿਹਾ ਜਾ ਸਕਦਾ ਹੈ। ਮਸਲਨ ਚਾਰ ਜਾਨਵਰਾਂ ਦੀਆਂ ਤਸਵੀਰਾਂ ਤੇ ਇਕ ਚਿੜੀ ਦੀ ਤਸਵੀਰ ਰੱਖ ਕੇ ਇਨ੍ਹਾਂ ਵਿੱਚੋਂ ਵੱਖਰੀ ਚੀਜ਼ ਬੱਚੇ ਨੂੰ ਲੱਭਣ ਲਈ ਕਹੀ ਜਾ ਸਕਦੀ ਹੈ।

ਬੱਚੇ ਨੂੰ ਕਹਾਣੀ ਸੁਣਾਉਣ ਤੋਂ ਬਾਅਦ ਉਸ ਤੋਂ ਵਾਪਸ ਕਹਾਣੀ ਵੀ ਸੁਣੀ ਜਾਣੀ ਚਾਹੀਦੀ ਹੈ। ਬੱਚਾ ਸਿਰਫ਼ ਕਹਾਣੀ ਵਿਚਲੇ ਸਭ ਤੋਂ ਮਜ਼ੇਦਾਰ ਹਿੱਸੇ ਨੂੰ ਹੀ ਦੁਹਰਾਉਂਦਾ ਹੈ। ਇਸ ਨਾਲ ਅੰਦਾਜ਼ਾ ਲੱਗ ਸਕਦਾ ਹੈ ਕਿ ਬੱਚੇ ਨੂੰ ਕਹਾਣੀ ਵਿਚ ਕੀ ਪਸੰਦ ਹੈ।

ਬੱਚੇ ਨੂੰ ਸਵਾਲ ਵੀ ਪੁੱਛਣ ਦੇਣੇ ਚਾਹੀਦੇ ਹਨ ਤੇ ਮਾਪਿਆਂ ਨੂੰ ਜਾਣ ਬੁੱਝ ਕੇ ਬੇਵਕੂਫ਼ ਬਣ ਜਾਣਾ ਚਾਹੀਦਾ ਹੈ ਤਾਂ ਜੋ ਬੱਚਾ ਰੱਜ ਕੇ ਹੱਸ ਸਕੇ ਤੇ ਕਹਾਣੀ ਵਿਚ ਰੁੱਝਿਆ ਰਹੇ। ਮਸਲਨ, ਜੇ ਬੱਚਾ ਪੁੱਛੇ, "ਸੋਨੂੰ ਦੇ ਘਰੋਂ ਚਿੜੀ ਕੀ ਲੈ ਕੇ ਗਈ ?" ਤਾਂ ਮਾਪਿਆਂ ਨੂੰ ਜਾਣ ਬੁੱਝ ਕੇ ਪੁੱਠਾ ਜਵਾਬ ਦੇਣਾ ਚਾਹੀਦਾ ਹੈ, "ਚੌਲ।" ਇਸ 'ਤੇ ਬੱਚਾ ਖੁੱਲ੍ਹ ਕੇ ਹੱਸੇਗਾ ਤੇ ਕਹੇਗਾ, "ਓਹੋ, ਏਨਾ ਵੀ ਨਹੀਂ ਪਤਾ ਚਿੜੀ ਦਾਲ ਲੈ ਕੇ ਗਈ ਸੀ।"

ਕਹਾਣੀ ਸੁਣਾਉਣ ਲੱਗਿਆਂ ਮਾਂ ਨੂੰ ਹਲਕੀ ਨਾਟਕੀਅਤਾ ਜ਼ਰੂਰ ਲਿਆਉਣੀ ਚਾਹੀਦੀ ਹੈ। ਮਸਲਨ ਜੇ ਕਹਾਣੀ ਵਿਚ ਲਿਖਿਆ ਹੈ, 'ਸੌਂ ਗਿਆ' ਤਾਂ ਬੱਚੇ ਦਾ ਸਿਰ ਗੋਦ ਵਿਚ ਰੱਖ ਕੇ ਕਹੋ 'ਇੰਝ ਸੌਂ ਗਿਆ' ਜਾਂ ਗੁੱਡੀ ਨੂੰ ਲਿਟਾ ਕੇ ਥਾਪੜ ਕੇ ਦਿਖਾ ਦਿਓ।

ਬਿਲਕੁਲ ਇਸੇ ਹੀ ਤਰ੍ਹਾਂ ਜੇ ਕਹਾਣੀ ਵਿਚ ਕੁਕੜੀ ਖਾਣਾ ਬਣਾਉਂਦੇ ਦਿਖਾਈ ਗਈ ਹੈ ਤਾਂ ਆਪ ਖਾਣਾ ਬਣਾਉਂਦੇ ਹੋਏ ਕੁਕੜੀ ਦੀ ਕਹਾਣੀ ਫੇਰ ਛੇੜ ਲਵੋ।

ਚਾਰ ਤੋਂ ਪੰਜ ਸਾਲ ਦੇ ਬੱਚੇ ਥੋੜੀਆਂ ਲੰਬੀਆਂ ਕਹਾਣੀਆਂ ਵੀ ਸੁਣ ਲੈਂਦੇ ਹਨ। ਲਫ਼ਜ਼ ਏਨੇ ਔਖੇ ਨਹੀਂ ਹੋਣੇ ਚਾਹੀਦੇ ਕਿ ਬੱਚਾ ਦੁਹਰਾ ਨਾ ਸਕੇ। ਜੇ ਕੋਈ ਲਫ਼ਜ਼ ਬਹੁਤ ਔਖਾ ਹੈ, ਜਿਵੇਂ 'ਗਡਰੀਆ' ਤਾਂ ਉਹ ਲਫ਼ਜ਼ ਰੋਜ਼ ਦਿਨ ਵਿਚ ਸੱਤ ਅੱਠ ਵਾਰ ਦੁਹਰਾਓ ਤੇ ਬੱਚੇ ਨੂੰ ਮਤਲਬ ਵੀ ਦੱਸਦੇ ਰਹੋ ਤਾਂ ਬੱਚਾ ਹੌਲੀ ਹੌਲੀ ਯਾਦ ਕਰ ਲੈਂਦਾ ਹੈ। ਇਸ ਉਮਰ ਵਿਚ ਬੱਚਾ ਭਾਰਾ, ਹਲਕਾ, ਖੁਰਦਰਾ, ਨਰਮ ਆਦਿ ਵਿਚ ਫ਼ਰਕ ਮਹਿਸੂਸ ਕਰਨ ਲੱਗ ਪੈਂਦਾ ਹੈ, ਇਸ ਲਈ ਕਹਾਣੀ ਵਿਚ ਇਹ ਸਭ ਸ਼ਾਮਿਲ ਕੀਤਾ ਜਾ ਸਕਦਾ ਹੈ। ਮਸਲਨ, "ਖ਼ਰਗੋਸ਼ ਜਦੋਂ ਸ਼ੇਰ ਕੋਲ ਗਿਆ ਤਾਂ ਉਸ ਨੇ ਖ਼ਰਗੋਸ਼ ਦੇ ਨਰਮ ਨਰਮ ਵਾਲਾਂ ਉੱਤੇ ਆਪਣਾ ਭਾਰਾ ਤੇ ਖੁਰਦਰਾ ਹੱਥ ਰੱਖ ਦਿੱਤਾ।"

ਇਸ ਉਮਰ ਵਿਚ ਬੱਚੇ ਦੇ ਦਿਮਾਗ਼ ਵਿਚ ਬਹੁਤ ਸਾਰੇ ਸਵਾਲ ਹੁੰਦੇ ਹਨ, ਜਿਹੜੇ ਬੱਚਾ ਕਹਾਣੀ ਦੌਰਾਨ ਪੁੱਛਣਾ ਚਾਹੁੰਦਾ ਹੈ। ਬੱਚੇ ਨੂੰ ਟੋਕਣਾ ਨਹੀਂ ਚਾਹੀਦਾ, ਬਲਕਿ ਉਸਦੇ ਹਰ ਸਵਾਲ ਦਾ ਜਵਾਬ ਕਹਾਣੀ ਰੋਕ ਕੇ ਦੇਣਾ ਚਾਹੀਦਾ ਹੈ। ਇਸ ਉਮਰ ਵਿਚ ਬੱਚੇ ਦੇ ਹੱਥ ਵਿਚ ਦੋ ਗੁੱਡੀਆਂ ਫੜਾ ਕੇ ਕਹਾਣੀ ਉਨ੍ਹਾਂ ਦੇ ਮੂੰਹੋਂ ਬੁਲਵਾਈ ਜਾ ਸਕਦੀ ਹੈ। ਜਿਵੇਂ ਇਕ ਗੁੱਡੀ ਫੜ ਕੇ ਉਸ ਵੱਲੋਂ ਇਕ ਲਾਈਨ ਫ਼ਰਜ਼ੀ ਬੋਲ ਦਿੱਤੀ ਤੇ ਅਗਲੀ ਲਾਈਨ ਦੂਜੀ ਗੁੱਡੀ ਵੱਲੋਂ। ਬੱਚੇ ਨੂੰ ਕਹਾਣੀ ਦੀ ਕਿਤਾਬ ਵਿਚ ਬਣੀਆਂ ਸੌਖੀਆਂ ਤਸਵੀਰਾਂ ਵਾਹੁਣ ਲਈ ਵੀ ਕਿਹਾ ਜਾ ਸਕਦਾ ਹੈ।

ਕਹਾਣੀ ਦੀ ਕਿਤਾਬ ਵਿਚ ਖ਼ੂਬਸੂਰਤ ਵੱਡੀਆਂ ਤਸਵੀਰਾਂ, ਹਰ ਸਫ਼ੇ 'ਤੇ ਦੋ ਜਾਂ ਤਿੰਨ ਲਾਈਨਾਂ ਵਿਚ ਵੱਡੇ ਵੱਡੇ ਲਿਖੇ ਅੱਖਰਾਂ ਦੇ ਸ਼ਬਦ ਤੇ ਅੰਤ ਵਿਚ ਕੋਈ ਸਿੱਖਿਆ ਹੋਣੀ ਜ਼ਰੂਰੀ ਹੈ। ਪੰਜ ਸਾਲ ਤਕ ਦੇ ਹੁੰਦੇ ਹੁੰਦੇ ਬੱਚਾ ਇਕ ਸਫ਼ੇ 'ਤੇ ਵੱਡੀ ਤਸਵੀਰ ਨਾਲ ਪੰਜ ਛੇ ਲਾਈਨਾਂ ਦੀ ਕਹਾਣੀ ਤੇ ਦਸ ਕੁ ਸਫ਼ਿਆਂ ਦੀ ਕਿਤਾਬ

ਪੂਰੇ ਧਿਆਨ ਨਾਲ ਸੁਣ ਸਕਦਾ ਹੈ, ਪਰ ਢੇਰ ਸਾਰੀਆਂ ਫ਼ੋਟੋਆਂ ਹੋਣੀਆਂ ਜ਼ਰੂਰੀ ਹਨ।

ਪੰਜ ਸਾਲ ਤੋਂ ਪਹਿਲਾਂ ਬੱਚਾ ਮੌਤ ਬਾਰੇ ਬਹੁਤਾ ਸਮਝਦਾ ਨਹੀਂ, ਇਸ ਲਈ ਅਫ਼ਸੋਸ ਵਾਲੀਆਂ ਕਹਾਣੀਆਂ ਨਹੀਂ ਸੁਣਾਉਣੀਆਂ ਚਾਹੀਦੀਆਂ। ਬੱਚੇ ਲਈ ਮੌਤ ਇਕ ਮਜ਼ਾਕ ਜਿਹਾ ਹੁੰਦਾ ਹੈ ਕਿ ਹੁਣੇ ਕਹਾਣੀ ਦਾ ਪਾਤਰ ਫੇਰ ਉਠ ਪਵੇਗਾ।

ਸੱਤ ਅੱਠ ਸਾਲ ਦੀ ਉਮਰ ਤੋਂ ਬਾਅਦ ਹੌਲੀ ਹੌਲੀ ਬੱਚਾ ਮੌਤ ਤੇ ਜ਼ਿੰਦਗੀ ਦੇ ਸੱਚ ਨੂੰ ਥੋੜਾ ਥੋੜਾ ਸਮਝਣਾ ਸ਼ੁਰੂ ਕਰ ਦਿੰਦਾ ਹੈ ਤੇ ਦੁੱਖ ਭਰੀ ਕਹਾਣੀ ਸੁਣ ਕੇ ਰੋਣ ਵੀ ਲੱਗ ਪੈਂਦਾ ਹੈ। ਅਜਿਹੀ ਕਹਾਣੀ ਜਾਂ ਤਾਂ ਬੱਚਾ ਅੱਧ ਵਿਚ ਹੀ ਸੁਣਨ ਤੋਂ ਨਾਂਹ ਕਰ ਦਿੰਦਾ ਹੈ ਜਾਂ ਦੁਬਾਰਾ ਸੁਣਨੀ ਹੀ ਨਹੀਂ ਚਾਹੁੰਦਾ।

ਬੱਚੇ ਨੂੰ ਜਾਦੂਗਰੀ ਦੀਆਂ ਕਹਾਣੀਆਂ ਜਾਂ ਪਰਾ-ਸਰੀਰਕ ਕਹਾਣੀਆਂ ਇਸ ਉਮਰ ਵਿਚ ਬਹੁਤ ਭਾਉਂਦੀਆਂ ਹਨ।

ਕੁੱਝ ਬੱਚੇ ਡਰਾਵਨੀਆਂ ਕਹਾਣੀਆਂ ਵੇਖਣ ਜਾਂ ਸੁਣਨ ਦਾ ਸ਼ੌਕ ਪਾਲ ਲੈਂਦੇ ਹਨ।

ਵੱਡੀ ਪੱਧਰ 'ਤੇ ਹਿੰਸਾ ਅਤੇ ਜਿਸਮਾਨੀ ਸ਼ੋਸ਼ਣ ਦੀਆਂ ਵਾਰਦਾਤਾਂ ਹੁੰਦੀਆਂ ਰਹਿਣ ਕਾਰਨ ਛੋਟੇ ਛੋਟੇ ਬੱਚੇ ਵੀ ਹਿੰਸਾ ਤੇ ਤਾਕਤਵਰਾਂ ਦੀਆਂ ਕਹਾਣੀਆਂ ਪਸੰਦ ਕਰਨ ਲੱਗ ਪਏ ਹਨ। ਇਸ ਨਾਲ ਛੋਟੇ ਬੱਚਿਆਂ ਦੀ ਮਾਨਸਿਕ ਬਣਤਰ ਹਮੇਸ਼ਾ ਲਈ ਖ਼ਰਾਬ ਹੋਣ ਦਾ ਖ਼ਤਰਾ ਵਧ ਜਾਂਦਾ ਹੈ।

ਬਾਲ-ਸਾਹਿਤ ਨੂੰ ਜੇ ਹਰ ਵਰਗ ਦੇ ਬੱਚਿਆਂ ਲਈ ਉਨ੍ਹਾਂ ਦੀ ਲੋੜ ਦੇ ਮੁਤਾਬਿਕ ਮਾਂ-ਬੋਲੀ ਵਿਚ ਸੁਆਦਲੇ ਤਰੀਕੇ ਨਾਲ ਘੜ ਦਿੱਤਾ ਜਾਵੇ ਤਾਂ ਇਕ ਪਾਸੇ ਤਾਂ ਇਹ ਬੱਚਿਆਂ ਲਈ ਵਡਮੁੱਲੀ ਸੌਗ਼ਾਤ ਹੋਵੇਗੀ ਤੇ ਦੂਜੇ ਪਾਸੇ ਬੇਹਤਰ ਸਮਾਜ ਦੀ ਹੋਂਦ ਵਿਚ ਆ ਜਾਣ ਦੀ ਉਮੀਦ, ਕਿਉਂਕਿ ਇਨ੍ਹਾਂ ਬਾਲਾਂ ਨੇ ਹੀ ਸਾਡਾ ਆਉਣ ਵਾਲਾ ਕੱਲ੍ਹ ਸਿਰਜਣਾ ਹੈ।

ਇਹ ਤਾਂ ਹੋਈ ਵਿਗਿਆਨਕ ਗੱਲ। ਮੈਂ ਹਰ ਬਾਲ-ਸਾਹਿਤਕਾਰ ਨੂੰ ਇਹ ਦੱਸਣਾ ਚਾਹੁੰਦੀ ਹਾਂ ਕਿ ਬਾਲਾਂ ਲਈ ਸਾਹਿਤ ਘੜਨ ਵੇਲੇ ਇਹ ਗੱਲਾਂ ਯਾਦ ਰੱਖ ਸਕਣ ਤਾਂ ਉਹ ਬੱਚਿਆਂ ਲਈ ਮਾਂ-ਬੋਲੀ ਨਾਲ ਪਿਆਰ ਵਧਾਉਣ ਵਿਚ ਵੀ ਸਹਾਈ ਸਿੱਧ ਹੋ ਸਕਦੇ ਹਨ।

ਮਾਂ-ਬੋਲੀ ਵਿਚਲੇ ਨਿੱਕੇ ਨਿੱਕੇ ਭੇਦ ਤਾਂ ਕਹਾਣੀਆਂ ਰਾਹੀਂ ਹੀ ਬੱਚਿਆਂ ਦੇ ਦਿਮਾਗ਼ ਵਿਚ ਭਰੇ ਜਾ ਸਕਦੇ ਹਨ। ਭਾਸ਼ਾਂ ਦੀਆਂ ਵੱਖ ਵੱਖ ਕ੍ਰਿਆਵਾਂ ਬੱਚਿਆਂ ਦੀਆਂ ਕਹਾਣੀਆਂ ਵਿਚ ਭਰਨੀਆਂ ਜ਼ਰੂਰੀ ਹਨ। ਮਸਲਨ, ਬਜਾਇ ਇਹ ਕਹਿਣ ਦੇ ਕਿ ਬੱਚਾ ਖਾਣਾ ਖਾ ਰਿਹਾ ਸੀ, 'ਖਾਣੇ' ਦੀਆਂ ਅਲੱਗ ਅਲੱਗ ਕ੍ਰਿਆਵਾਂ ਲਈ ਅਲੱਗ ਅਲੱਗ ਸ਼ਬਦ ਵਰਤੇ ਜਾ ਸਕਦੇ ਹਨ, ਜਿਵੇਂ ਪਪੋਲਣਾ, ਹੜੱਪਣਾ, ਚਿੱਥਣਾ,

ਨਿਗਲਣਾ, ਚੱਥਣਾ, ਆਦਿ। ਨਿੱਕਾ ਜਿਹਾ ਬੱਚਾ ਜਿਸਦੇ ਦੰਦ ਹੀ ਨਹੀਂ, ਉਹ ਤਾਂ ਪਪੋਲ ਹੀ ਸਕਦਾ ਹੈ ਜਾਂ ਨਿਗਲ ਸਕਦਾ ਹੈ, ਖਾ ਨਹੀਂ ਸਕਦਾ। ਇਸੇ ਲਈ ਕਿਸੇ ਵੀ ਕ੍ਰਿਆ ਲਈ ਨਿਸ਼ਚਿਤ ਸ਼ਬਦ ਵਰਤਣੇ ਚਾਹੀਦੇ ਹਨ ਤਾਂ ਜੋ ਅਜਿਹੇ ਸ਼ਬਦ ਹੌਲੀ ਹੌਲੀ ਲੋਪ ਹੀ ਨਾ ਹੋ ਜਾਣ।

ਬਾਲ-ਸਾਹਿਤ ਦੀ ਕਲਪਨਾ ਕਰਦੇ ਹੋਏ ਮਨੋ-ਵਿਗਿਆਨਕ ਤੇ ਵਿਗਿਆਨਕ ਪੱਖ ਜੇ ਰਲਾ ਲਏ ਜਾਣ ਤਾਂ ਹੋਰ ਵੀ ਨਿੱਕੀਆਂ ਨਿੱਕੀਆਂ ਚੀਜ਼ਾਂ ਦਾ ਜ਼ਿਆਦਾ ਖ਼ਿਆਲ ਰੱਖਿਆ ਜਾ ਸਕਦਾ ਹੈ। ਬੱਚੇ ਨੂੰ ਆਵਾਜ਼ਾਂ ਬਾਰੇ ਡੂੰਘੀ ਜਾਣਕਾਰੀ ਦੇਣੀ ਚਾਹੀਦੀ ਹੈ ਕਿ ਚਿੜੀ ਚੂਕਦੀ ਹੈ, ਕੁੱਤਾ ਭੌਂਕਦਾ ਹੈ, ਸ਼ੇਰ ਗਰਜਦਾ ਹੈ, ਆਦਿ। ਇਸ ਨੂੰ ਕੁੱਤਾ ਬੋਲਿਆ ਜਾਂ ਸ਼ੇਰ ਬੋਲਿਆ ਨਾਲ ਹੀ ਨਹੀਂ ਸਾਰ ਲੈਣਾ ਚਾਹੀਦਾ।

ਜੇ ਇਹ ਪੱਖ ਅੱਖੋਂ ਪਰੋਖੇ ਕੀਤੇ ਗਏ ਤਾਂ ਸਾਡੇ ਬੱਚੇ ਮਾਂ-ਬੋਲੀ ਦੇ ਨਿੱਕੇ ਨਿੱਕੇ ਭੇਦਾਂ ਤੋਂ ਤਾਂ ਵੰਚਿਤ ਰਹਿ ਹੀ ਜਾਣਗੇ, ਸਗੋਂ ਅੱਗੇ ਜਾ ਕੇ ਉਨ੍ਹਾਂ ਦੇ ਜ਼ਿਆਦਾ ਲਾਇਕ ਬਣਨ ਦੇ ਆਸਾਰ ਵੀ ਘੱਟ ਜਾਣਗੇ।

•

3

ਬੋਲੀ ਬਾਰੇ ਵਿਗਿਆਨਕ ਤੱਥ

ਅਮਰੀਕਾ ਵਿਚ ਬੋਲੀ ਉੱਤੇ ਸੇਲੇਸਤੇ ਰੋਜ਼ਬੈਰੀ, ਮੈੱਕਿਬਨ ਤੇ ਐਲੀਜ਼ਾਂਡਰੋ ਬਰਾਈਸ ਦੀ ਕੀਤੀ ਖੋਜ ਤਹਿਤ ਬਹੁਤ ਹੀ ਜਾਣਕਾਰੀ ਭਰਪੂਰ ਤੱਥ ਸਾਹਮਣੇ ਆਏ ਹਨ। ਅਮਰੀਕਾ ਵਿਚ 2030 ਤਕ ਲਗਭਗ ਸਾਰੇ ਸਕੂਲੀ ਬੱਚਿਆਂ ਵਿੱਚੋਂ ਚਾਲੀ ਪ੍ਰਤੀਸ਼ਤ ਬੱਚੇ ਅਜਿਹੇ ਹੋਣਗੇ ਜਿਹੜੇ ਅੰਗਰੇਜ਼ੀ ਸਿੱਖਦੇ ਹੋਣਗੇ, ਕਿਉਂਕਿ ਉਨ੍ਹਾਂ ਦੀ ਮਾਂ-ਬੋਲੀ ਕੋਈ ਹੋਰ ਹੋਵੇਗੀ। ਕਈ ਥਾਵਾਂ 'ਤੇ ਖ਼ਾਸਕਰ ਕੈਲੀਫ਼ੋਰਨੀਆ ਵਿਚ ਹੁਣ ਵੀ ਸੱਤਰ ਪ੍ਰਤੀਸ਼ਤ ਸਕੂਲੀ ਬੱਚਿਆਂ ਦੀ ਮਾਂ-ਬੋਲੀ ਅੰਗਰੇਜ਼ੀ ਨਹੀਂ ਹੈ, ਬਲਕਿ ਸਪੈਨਿਸ਼, ਫ਼ਰੈਂਚ, ਜਰਮਨ, ਪੰਜਾਬੀ, ਹਿੰਦੀ ਆਦਿ ਹੈ।

ਇਸੇ ਲਈ ਇਹ ਖੋਜ ਕੀਤੀ ਗਈ ਕਿ ਅਜਿਹੇ ਬੱਚਿਆਂ ਨੂੰ ਕਦੋਂ ਅੰਗਰੇਜ਼ੀ ਭਾਸ਼ਾ ਸਿਖਾਈ ਜਾਵੇ ਤਾਂ ਜੋ ਉਹ ਅਮਰੀਕਾ ਵਿਚ ਸਫਲ ਜ਼ਿੰਦਗੀ ਜੀਅ ਸਕਣ।

ਉੱਥੋਂ ਦੇ ਬੋਲੀ-ਵਿਗਿਆਨੀਆਂ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਕੋਈ ਵੀ ਨਵੀਂ ਬੋਲੀ ਸਿੱਖਣ ਲੱਗਿਆਂ ਜਿਹੜਾ ਬੱਚਾ ਆਪਣੀ ਮਾਂ-ਬੋਲੀ ਵਧੀਆ ਤਰੀਕੇ ਨਾਲ ਜਾਣਦਾ ਹੋਵੇ, ਉਹੀ ਦੂਜੀ ਬੋਲੀ ਜਲਦੀ ਤੇ ਵਧੀਆ ਤਰੀਕੇ ਨਾਲ ਸਿੱਖਦਾ ਹੈ। ਨਵੀਂ ਬੋਲੀ ਦੀਆਂ ਬਰੀਕੀਆਂ ਵੀ, ਜਿਹੜੇ ਬੱਚੇ ਮਾਂ-ਬੋਲੀ ਪੂਰੀ ਤਰ੍ਹਾਂ ਬੋਲਣ ਵਿਚ ਸਮਰੱਥ ਹੋਣ, ਉਹੀ ਜ਼ਿਆਦਾ ਛੇਤੀ ਸਮਝਦੇ ਹਨ।

ਇਸੇ ਲਈ ਅਮਰੀਕੀ ਭਾਸ਼ਾ-ਵਿਗਿਆਨੀਆਂ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਜਿਹੜੇ ਵੀ ਅਮਰੀਕਾ ਵਿਚ ਵੱਸਦੇ ਗ਼ੈਰ-ਅਮਰੀਕੀ ਟੱਬਰਾਂ ਦੇ ਬੱਚੇ ਹਨ, ਉਹ ਪਹਿਲਾਂ ਆਪਣੀ ਮਾਂ-ਬੋਲੀ ਤੇ ਆਪਣੇ ਸੱਭਿਆਚਾਰ ਵਿਚ ਪਰਪੱਕ ਹੋਣ; ਤਾਂ ਹੀ ਉਹ ਬੱਚੇ ਬਹੁਤ ਵਧੀਆ ਤਰੀਕੇ ਨਾਲ ਅੰਗਰੇਜ਼ੀ ਭਾਸ਼ਾ ਸਿੱਖ ਸਕਦੇ ਹਨ। ਅਜਿਹੇ ਬੱਚਿਆਂ ਦਾ ਮਾਨਸਿਕ ਵਿਕਾਸ ਦੂਜੇ ਬੱਚਿਆਂ ਨਾਲੋਂ ਘੱਟ ਹੁੰਦਾ ਹੈ, ਜਿਹੜੇ ਛੇਤੀ ਮਾਂ-ਬੋਲੀ ਤੋਂ ਟੁੱਟ ਕੇ ਅੰਗਰੇਜ਼ੀ ਸਿੱਖਣ ਲੱਗ ਜਾਂਦੇ ਹਨ ਅਤੇ ਸਕੂਲ ਵਿਚ ਵੀ ਇਹ ਬੱਚੇ ਘੱਟ ਨੰਬਰ ਲੈਂਦੇ ਹਨ।

ਦੋ ਭਾਸ਼ਾਵੀ ਬੱਚੇ ਅਮਰੀਕਾ ਵਾਲਿਆਂ ਨੂੰ ਆਪਣੇ ਆਰਥਿਕ ਵਿਕਾਸ ਲਈ ਵਧੀਆ ਜਾਪੇ ਹਨ, ਇਸੇ ਲਈ ਉਨ੍ਹਾਂ ਹਰ ਗ਼ੈਰ-ਅਮਰੀਕੀ ਮਾਪਿਆਂ ਨੂੰ ਤਾਕੀਦ ਕੀਤੀ ਹੈ ਕਿ ਉਹ ਘਰ ਵਿਚ ਬੱਚਿਆਂ ਨਾਲ ਮਾਂ-ਬੋਲੀ ਹੀ ਬੋਲਣ ਤਾਂ ਜੋ ਬੱਚਾ ਮਾਂ-ਬੋਲੀ ਵਿਚ ਪਰਪੱਕ ਹੋ ਸਕੇ।

ਪਹਿਲਾਂ ਦੀ ਕੀਤੀ ਭਾਸ਼ਾ-ਵਿਗਿਆਨੀਆਂ ਦੀ ਖੋਜ ਦਾ ਸਿੱਟਾ ਸੀ ਕਿ ਜਿੰਨੀ ਜ਼ਿਆਦਾ ਛੇਤੀ ਅੰਗਰੇਜ਼ੀ ਪੜ੍ਹਾਈ ਜਾਏ ਤੇ ਮਾਂ-ਬੋਲੀ ਤੋਂ ਜਿੰਨਾ ਛੇਤੀ ਬੱਚਾ ਦੂਰ ਕੀਤਾ ਜਾ ਸਕੇ, ਬੱਚਾ ਓਨੀ ਹੀ ਜਲਦੀ ਅੰਗਰੇਜ਼ੀ ਭਾਸ਼ਾ ਸਿੱਖੇਗਾ। ਇਸ ਤਰ੍ਹਾਂ ਨਾਲ ਉਹੀ ਬੱਚੇ ਜਿਹੜੇ ਅੱਜ ਪੈਂਤੀ ਚਾਲ੍ਹੀ ਸਾਲ ਦੇ ਹੋ ਚੁੱਕੇ ਹਨ, ਉਨ੍ਹਾਂ ਵਿਚ ਅੰਗਰੇਜ਼ੀ ਬੋਲੀ ਸਿੱਖਣ ਲੱਗਿਆਂ ਬਹੁਤ ਜ਼ਿਆਦਾ ਵਕਤ ਲੱਗਿਆ ਤੇ ਪਰਪੱਕ ਹੋਣ ਦੇ ਬਾਅਦ ਵੀ ਉਹ ਕਈ ਬਰੀਕੀਆਂ ਚੰਗੀ ਤਰ੍ਹਾਂ ਨਹੀਂ ਸਨ ਸਮਝ ਸਕੇ।

ਇਸੇ ਲਈ ਅਮਰੀਕੀਆਂ ਨੇ ਦੋ ਭਾਸ਼ਾਵੀ ਬੱਚਿਆਂ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ। ਅਮਰੀਕੀ ਭਾਸ਼ਾ-ਵਿਗਿਆਨੀਆਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਘਰਾਂ ਵਿਚ ਮਾਂ-ਬੋਲੀ ਵਰਤਣ ਦੇ ਬਾਵਜੂਦ ਨਰਸਰੀ ਤੇ ਪਹਿਲੀ ਜਮਾਤ ਵਿਚ ਨੱਬੇ ਪ੍ਰਤੀਸ਼ਤ ਸਿਰਫ਼ ਮਾਂ-ਬੋਲੀ ਹੀ ਬੱਚੇ ਬੋਲਣ ਤੇ ਦਸ ਪ੍ਰਤੀਸ਼ਤ ਅੰਗਰੇਜ਼ੀ। ਜਿਵੇਂ ਜਿਵੇਂ ਅੰਗਰੇਜ਼ੀ ਭਾਸ਼ਾ ਸਿੱਖਣ ਵਿਚ ਨਿਖਾਰ ਆਉਂਦਾ ਜਾਏ, ਜਿਹੜਾ ਕਿ ਬੱਚੇ ਮਾਂ-ਬੋਲੀ ਤੋਂ ਤਰਜਮਾ ਕਰ ਕੇ ਫਟਾਫਟ ਸਿੱਖਣ ਲੱਗ ਪੈਂਦੇ ਹਨ, ਉਨ੍ਹਾਂ ਨੂੰ ਛੇਵੀਂ ਜਮਾਤ ਤਕ ਪਹੁੰਚਦੇ ਪਹੁੰਚਦੇ ਪੰਜਾਹ ਪ੍ਰਤੀਸ਼ਤ ਅੰਗਰੇਜ਼ੀ ਤੇ ਪੰਜਾਹ ਪ੍ਰਤੀਸ਼ਤ ਮਾਤ-ਭਾਸ਼ਾ ਵਿਚ ਸਿੱਖਦੇ ਰਹਿਣਾ ਚਾਹੀਦਾ ਹੈ।

ਇਸ ਤੋਂ ਇਕ ਦੋ ਸਾਲ ਬਾਅਦ ਨੱਬੇ ਪ੍ਰਤੀਸ਼ਤ ਅੰਗਰੇਜ਼ੀ ਤੇ ਦਸ ਪ੍ਰਤੀਸ਼ਤ ਮਾਤ-ਭਾਸ਼ਾ ਚਾਲੂ ਰਹਿਣੀ ਚਾਹੀਦੀ ਹੈ।

ਇਹ ਤਾਂ ਹੋਈ ਅਮਰੀਕਾ ਵਿਚ ਵੱਸਣ ਵਾਲੇ ਬੱਚਿਆਂ ਵਾਸਤੇ ਕੀਤੀ ਬੋਲੀ ਸਿੱਖਣ ਲਈ ਖੋਜ, ਪਰ ਜਿਹੜੇ ਅਮਰੀਕਾ ਦੀ ਥਾਂ ਫ਼ਰਾਂਸ ਜਾਂ ਜਰਮਨੀ ਵਿਚ ਵੱਸਣਾ ਚਾਹ ਰਹੇ ਹਨ, ਉਨ੍ਹਾਂ ਬੱਚਿਆਂ ਉੱਤੇ ਵੀ ਨਵੀਂ ਬੋਲੀ ਸਿੱਖਣ ਦਾ ਇਹੀ ਅਸੂਲ ਲਾਗੂ ਹੁੰਦਾ ਹੈ।

ਇਹ ਵੇਖਿਆ ਗਿਆ ਹੈ ਕਿ ਮਾਂ-ਬੋਲੀ ਵਿਚ ਪਰਪੱਕ ਬੱਚੇ ਅੰਗਰੇਜ਼ੀ ਤੋਂ ਸਿਵਾ ਹੋਰ ਵੀ ਹਰ ਬੋਲੀ ਬਹੁਤ ਛੇਤੀ ਸਿੱਖ ਲੈਂਦੇ ਹਨ ਤੇ ਜ਼ਿਆਦਾ ਡੂੰਘਿਆਈ ਨਾਲ ਸਿੱਖਦੇ ਹਨ। ਇਸ ਦਾ ਵੀ ਵਿਗਿਆਨਕ ਵਿਸ਼ਲੇਸ਼ਣ ਕੀਤਾ ਗਿਆ ਹੈ।

ਦਰਅਸਲ ਜਦੋਂ ਬੱਚਾ ਅਜੇ ਮਾਂ ਦੇ ਢਿੱਡ ਵਿਚ ਹੀ ਹੁੰਦਾ ਹੈ ਤਾਂ ਉਸ ਨੂੰ ਆਪਣੀ ਮਾਂ ਦੀ ਆਵਾਜ਼ ਕੰਨੀਂ ਪੈਂਦੀ ਰਹਿੰਦੀ ਹੈ। ਬਾਕੀ ਦੀ ਕਸਰ ਉਹ ਮਾਂ ਦੀ ਗੋਦ ਵਿਚ ਪੂਰੀ ਕਰ ਲੈਂਦਾ ਹੈ, ਜਦੋਂ ਉਹ ਮਾਂ ਦੇ ਹਿਲਦੇ ਬੁੱਲ੍ਹਾਂ ਦੇ ਨਾਲ ਆਵਾਜ਼ ਵੀ ਸੁਣਦਾ ਰਹਿੰਦਾ ਹੈ ਤੇ ਚੀਜ਼ਾਂ ਵੇਖ ਕੇ ਉਨ੍ਹਾਂ ਨਾਲ ਉਸੇ ਅੱਖਰ ਦੀ ਸਾਂਝ ਵੀ ਬਣਾ ਲੈਂਦਾ ਹੈ। ਦਰਅਸਲ ਦਿਲੋਂ ਉਮੜਦੇ ਪਿਆਰ ਵਿਚ ਮੂੰਹੋਂ ਮਾਂ-ਬੋਲੀ ਵਿਚ ਹੀ ਅੱਖਰ ਨਿਕਲਦੇ ਹਨ, ਜਿਵੇਂ ਪੰਜਾਬੀ ਮਾਂ ਆਪਣੀ ਗੋਦ ਵਿਚ ਪਏ ਬੱਚੇ ਨੂੰ 'ਗੁਗਲੂ-ਮੁਗਲੂ, ਸੋਨੂੰ, ਮੋਨੂੰ' ਕਹਿ ਕੇ ਤਾਂ ਚੁੰਮਦੀ ਵੇਖੀ ਗਈ ਹੈ, ਪਰ 'ਸਵੀਟ, ਲਵਲੀ, ਫੈਨਟਾਸਟਿਕ, ਵੰਡਰਫੁੱਲ' ਕਹਿ ਕੇ ਨਹੀਂ।

ਨਿੱਕੇ ਬੱਚੇ ਦਾ ਵਧਦਾ ਦਿਮਾਗ਼ ਵੀ ਫੱਟ ਉਹ ਸੁਨੇਹਾ ਫੜ ਲੈਂਦਾ ਹੈ ਕਿ ਜਿਹੜੇ ਅੱਖਰ ਮਾਂ ਨੇ ਸੋਚਣ ਤੋਂ ਬਿਨਾਂ ਪਿਆਰ ਵਿਚ ਭਿੱਜ ਕੇ ਬੋਲੇ, ਉਹ ਤਾਂ ਡੂੰਘਾ ਪਿਆਰ ਦਰਸਾਉਂਦੇ ਹਨ, ਪਰ ਜਿਹੜੇ ਅੱਖਰ ਬੋਲਣ ਲੱਗਿਆਂ ਮਾਂ ਸੋਚਣ ਲੱਗ ਪਈ ਹੈ, ਉਹ ਅੱਖਰ ਓਨੇ ਮੋਹ ਭਿੱਜੇ ਨਹੀਂ ਹਨ।

ਬੋਲੀ ਦੀ ਹਰ ਡੂੰਘਿਆਈ ਬੱਚਾ ਮਾਂ ਤੋਂ ਆਪਣੇ ਆਪ ਹੀ ਸਿੱਖ ਲੈਂਦਾ ਹੈ ਕਿ ਸਿਹਾਰੀ, ਬਿਹਾਰੀ, ਲਾਵਾਂ, ਦੁਲੈਂਕੜੇ ਆਦਿ ਕਿੱਥੇ ਲੱਗਣੇ ਹਨ। ਵਚਨ, ਬਹੁ-ਵਚਨ, ਨਾਂਵ, ਪੜਨਾਂਵ, ਉਹ ਕਿਤਾਬਾਂ ਵਿਚ ਪੜ੍ਹਨ ਤੋਂ ਪਹਿਲਾਂ ਹੀ ਜਾਣਦਾ ਹੁੰਦਾ ਹੈ ਕਿ 'ਚਿੜੀ ਉੱਡੇਗੀ' ਤੇ 'ਚਿੜੀਆਂ ਉੱਡਣਗੀਆਂ'।

ਦੋ ਸਾਲ ਦੀ ਬੱਚੀ ਇਹ ਬਾਖ਼ੂਬੀ ਸਮਝਦੀ ਹੈ ਕਿ ਕੁੜੀਆਂ ਨਾਲ 'ਮੈਂ ਜਾਵਾਂਗੀ' ਅੱਖਰ ਲੱਗਦੇ ਹਨ ਤੇ ਮੁੰਡੇ ਨਾਲ 'ਜਾਵੇਗਾ' ਅੱਖਰ ਹੀ ਵਰਤਣੇ ਹਨ।

ਜਦੋਂ ਛੋਟੇ ਬੱਚੇ ਨੂੰ ਕਿਸੇ ਵੀ ਨਵੀਂ ਬੋਲੀ ਦੇ ਅੱਖਰ ਸਿਖਾਉਣੇ ਸ਼ੁਰੂ ਕੀਤੇ ਜਾਣ ਤਾਂ ਪਹਿਲੀ ਪੌੜੀ ਹੁੰਦੀ ਹੈ, 'ਚੁੱਪੀ ਦਾ ਦੌਰ'। ਇਸ ਦੌਰਾਨ ਬੱਚਾ ਨਵਾਂ ਅੱਖਰ ਧਿਆਨ ਨਾਲ ਸੁਣਦਾ ਹੈ ਤੇ ਉਸ ਦਾ ਦਿਮਾਗ਼ ਉਸ ਅੱਖਰ ਨੂੰ ਘੋਖਦਾ ਹੈ ਕਿ ਕਿਤੇ ਪਹਿਲਾਂ ਦੇ ਜਮ੍ਹਾਂ ਹੋਏ ਅੱਖਰ-ਗਿਆਨ ਵਿਚ ਕਿਸੇ ਨਾਲ ਇਹ ਰਲਦਾ ਹੈ ਕਿ ਨਹੀਂ। ਇਸ ਦੌਰਾਨ ਬੱਚੇ ਘੱਟ ਬੋਲਦੇ ਹਨ ਤੇ ਜ਼ਿਆਦਾ ਸਮਝਣ ਦੀ ਕੋਸ਼ਿਸ਼ ਕਰਦੇ ਹਨ ਤਾਂ ਜੋ ਨਵੇਂ ਅੱਖਰ ਛੇਤੀ ਯਾਦ ਕੀਤੇ ਜਾ ਸਕਣ। ਇਸ ਦੌਰਾਨ ਦਿਮਾਗ਼ ਅੰਦਰ ਕੰਪਿਊਟਰ ਵਾਂਗ ਕੋਡਿੰਗ ਤੇ ਅਨ-ਕੋਡਿੰਗ ਚੱਲਦੀ ਰਹਿੰਦੀ ਹੈ ਤੇ ਨਵੇਂ ਅੱਖਰਾਂ ਦੀ ਸਾਂਝ ਪੁਰਾਣੇ ਅੱਖਰਾਂ ਨਾਲ ਜੋੜੀ ਜਾਂਦੀ ਹੈ।

ਜੇ ਬੱਚਾ ਵੱਡਾ ਹੋਵੇ ਅਤੇ ਇਕ ਬੋਲੀ ਵਿਚ ਪਹਿਲਾਂ ਪਰਪੱਕ ਹੋਵੇ ਤਾਂ ਇਹ ਸਾਂਝ ਛੇਤੀ ਬਣ ਜਾਂਦੀ ਹੈ ਤੇ ਇਹ ਚੁੱਪੀ ਦਾ ਦੌਰ ਕੁੱਝ ਹਫ਼ਤਿਆਂ ਤੋਂ ਕੁੱਝ ਮਹੀਨਿਆਂ ਵਿਚ ਖ਼ਤਮ ਹੋ ਜਾਂਦਾ ਹੈ। ਇਸ ਤੋਂ ਬਾਅਦ ਬੱਚਾ ਦੂਜੀ ਬੋਲੀ ਵੀ ਫ਼ਰਾਟੇਦਾਰ ਬੋਲਣਾ ਸਿੱਖ ਜਾਂਦਾ ਹੈ ਤੇ ਹੌਲੀ ਹੌਲੀ ਨਵੀਂ ਬੋਲੀ ਦੀਆਂ ਸਾਰੀਆਂ ਬਰੀਕੀਆਂ ਵੀ ਪਹਿਲਾਂ ਦੀ ਸਿੱਖੀ ਬੋਲੀ ਨਾਲ ਸਾਂਝ ਕੱਢ ਕੇ ਛੇਤੀ ਹੀ ਸਿੱਖ ਲੈਂਦਾ ਹੈ।

ਜੇ ਬਹੁਤ ਛੋਟੇ ਬੱਚੇ 'ਤੇ ਦੂਜੀ ਬੋਲੀ ਸਿੱਖਣ ਦਾ ਭਾਰ ਪਾ ਦਿੱਤਾ ਜਾਵੇ ਤਾਂ ਉਸ ਦਾ ਦਿਮਾਗ਼ ਜੋ ਅਜੇ ਮਾਂ-ਬੋਲੀ ਹੀ ਪੂਰੀ ਤਰ੍ਹਾਂ ਨਹੀਂ ਸਿੱਖਿਆ ਹੁੰਦਾ, ਨਵੀਂ ਬੋਲੀ ਦੀ ਕੋਡਿੰਗ ਅਨ-ਕੋਡਿੰਗ ਬਹੁਤ ਹੌਲੀ ਕਰਦਾ ਹੈ, ਕਿਉਂਕਿ ਪਹਿਲੀ ਬੋਲੀ ਦੇ ਪੂਰੇ ਅੱਖਰ ਅਜੇ ਦਿਮਾਗ਼ ਵਿਚ ਭਰੇ ਹੀ ਨਹੀਂ ਹੁੰਦੇ। ਮਾਂ-ਬੋਲੀ ਦੀਆਂ ਬਰੀਕੀਆਂ ਨਾ ਸਮਝਣ ਵਾਲੇ ਦੋ ਜਾਂ ਤਿੰਨ ਵਰ੍ਹਿਆਂ ਦੇ ਬੱਚੇ ਵਿਚ ਇਹ 'ਚੁੱਪੀ ਦਾ ਦੌਰ' ਸਾਲ ਜਾਂ ਇਸ ਤੋਂ ਵੀ ਵੱਧ ਚੱਲਦਾ ਹੈ।

ਇਸ ਤੋਂ ਇਲਾਵਾ ਬਹੁਤੇ ਛੋਟੇ ਬੱਚੇ ਨੂੰ ਨਵੀਂ ਭਾਸ਼ਾ ਸਿਖਾਉਣ ਨਾਲ ਉਸ ਬੱਚੇ ਦਾ ਦਿਮਾਗ਼ ਅਨ-ਕੋਡਿੰਗ ਠੀਕ ਤਰੀਕੇ ਨਾਲ ਨਹੀਂ ਕਰ ਸਕਦਾ ਤੇ ਉਹ ਬੱਚੇ

ਦੋ ਭਾਸ਼ਾਵਾਂ ਦਾ ਮਿਸ਼ਰਣ ਕਰਨ ਲੱਗ ਪੈਂਦੇ ਹਨ, ਯਾਨੀ ਇਕ ਗੱਲ ਕਹਿਣ ਲੱਗਿਆਂ ਕੁੱਝ ਅੱਖਰ ਮਾਂ-ਬੋਲੀ ਤੇ ਕੁੱਝ ਨਵੀਂ ਭਾਸ਼ਾ ਦੇ। ਜਿਵੇਂ "ਮੰਮੀ, ਸੁਸੂ ਕਰਿੰਗ, ਗੋਇੰਗ" ਜਾਂ "ਮੈਂ ਚੱਲਿਆਂ, ਫੌਰ ਆ ਡਰਾਈਵ।"

ਤੀਜੀ ਚੀਜ਼ ਜੋ ਛੇਤੀ ਨਵੀਂ ਬੋਲੀ ਸਿੱਖਣ ਵਾਲੇ ਬੱਚਿਆਂ ਵਿਚ ਵੇਖੀ ਗਈ ਹੈ, ਉਹ ਹੈ 'ਲੈਂਗੂਐਜ ਲੌਸ'। ਇਨ੍ਹਾਂ ਬੱਚਿਆਂ ਵਿਚ ਬੋਲੀ ਦੀ ਪਕੜ ਹੀ ਖ਼ਤਮ ਹੋ ਜਾਂਦੀ ਹੈ। ਜਿਵੇਂ ਹੀ ਉਨ੍ਹਾਂ ਨੂੰ ਮਾਂ-ਬੋਲੀ ਤੋਂ ਪੂਰੀ ਤਰ੍ਹਾਂ ਦੂਰ ਕਰ ਦਿੱਤਾ ਜਾਂਦਾ ਹੈ ਤੇ ਸਿਰਫ਼ ਨਵੀਂ ਬੋਲੀ ਸਿੱਖਣ 'ਤੇ ਪੂਰਾ ਜ਼ੋਰ ਲਾ ਦਿੱਤਾ ਜਾਂਦਾ ਹੈ, ਉਨ੍ਹਾਂ ਦੀ ਬੋਲੀ ਦੀ ਰਵਾਨੀ ਖ਼ਤਮ ਹੋਣੀ ਸ਼ੁਰੂ ਹੋ ਜਾਂਦੀ ਹੈ ਤੇ ਹੌਲੀ ਹੌਲੀ ਨਵੀਂ ਸਿੱਖੀ ਬੋਲੀ ਵਿਚ ਵੀ ਤਰੁੱਟੀਆਂ ਦਿੱਸਣੀਆਂ ਸ਼ੁਰੂ ਹੋ ਜਾਂਦੀਆਂ ਹਨ।

ਜੇ ਮਾਪੇ ਸਿਰਫ਼ ਮਾਂ-ਬੋਲੀ ਬੋਲੀ ਜਾਣ ਤੇ ਸਕੂਲ ਵਿਚ ਬੱਚਾ ਸਿਰਫ਼ ਨਵੀਂ ਬੋਲੀ ਬੋਲੇ ਤਾਂ ਇਸ ਨੂੰ 'ਸਬਟਰੈਕਟਿਵ ਬਾਈ-ਲਿੰਗੁਆਲਿਜ਼ਮ' ਕਹਿੰਦੇ ਹਨ। ਬੱਚੇ ਦੋ ਬੋਲੀਆਂ ਵਿਚਲੇ ਪਾੜ ਨੂੰ ਜੋੜ ਹੀ ਨਹੀਂ ਸਕਦੇ। ਇਸ ਨਾਲ ਬੱਚੇ ਵਿਚ ਆਤਮ ਵਿਸ਼ਵਾਸ ਦੀ ਕਮੀ ਵੀ ਹੋ ਜਾਂਦੀ ਹੈ ਤੇ ਮਾਨਸਿਕ ਤਣਾਓ ਦੇ ਨਾਲ ਨਾਲ ਬੱਚੇ ਵਿਚ ਮਾਨਸਿਕ ਵਿਗਾੜ ਤੇ ਢਹਿੰਦੀ ਕਲਾ ਵੀ ਸ਼ੁਰੂ ਹੋ ਸਕਦੀ ਹੈ। ਇਸ ਨਾਲ ਉਸ ਦੀ ਅਗਲੀ ਆਉਣ ਵਾਲੀ ਜ਼ਿੰਦਗੀ 'ਤੇ ਵੀ ਅਸਰ ਪੈ ਸਕਦਾ ਹੈ।

ਇਸੇ ਲਈ ਹੁਣ ਬੋਲੀ ਸਿਖਾਉਣ ਲਈ 'ਐਡੀਟਿਵ ਬਾਈ-ਲਿੰਗੁਆਲਿਜ਼ਮ' 'ਤੇ ਹੀ ਦੁਨੀਆ ਭਰ ਵਿਚ ਜ਼ੋਰ ਪਾਇਆ ਜਾਂਦਾ ਹੈ, ਜਿਸ ਦੇ ਤਹਿਤ ਪਹਿਲਾਂ ਮਾਂ-ਬੋਲੀ ਨੂੰ ਪਰਪੱਕ ਕਰਨ ਦੀ ਤਰਜੀਹ ਦਿੱਤੀ ਜਾਂਦੀ ਹੈ ਤੇ ਫੇਰ ਦੋਵੇਂ ਬੋਲੀਆਂ ਨਾਲੋ-ਨਾਲ ਸਿਖਾਈਆਂ ਜਾਂਦੀਆਂ ਹਨ।

ਜਦੋਂ ਵੀ ਕੋਈ ਦੁਭਾਸ਼ੀ ਇਨਸਾਨ ਜਿਹੜਾ ਦੋਵੇਂ ਭਾਸ਼ਾਵਾਂ ਦਾ ਮਾਹਿਰ ਹੋਵੇ, ਕੋਈ ਰਚਨਾ ਘੜੇ ਤਾਂ ਉਹ ਆਪਣੇ ਆਪ ਹੀ ਬੇਮਿਸਾਲ ਚੀਜ਼ ਹੋਣੀ ਹੋਈ। ਜੇ ਕੋਈ ਅਰਬੀ ਭਾਸ਼ਾ ਦਾ ਵਿਦਵਾਨ, ਜਿਸ ਨੇ ਜਰਮਨ ਭਾਸ਼ਾ ਸਿੱਖੀ ਹੋਵੇ, ਆਪਣੀ ਭਾਸ਼ਾ ਦੇ ਗੂੜ੍ਹ ਗਿਆਨ ਨੂੰ ਜਰਮਨ ਵਿਚ ਲਿਖਦਾ ਹੈ ਜਾਂ ਜਰਮਨ ਭਾਸ਼ਾ ਦੇ ਗੂੜ੍ਹ ਗਿਆਨ ਨੂੰ ਆਪਣੀ ਮਾਂ-ਬੋਲੀ ਅਰਬੀ ਵਿਚ ਆਪਣੇ ਲੋਕਾਂ ਨੂੰ ਜਾਣਕਾਰੀ ਦਿੰਦਾ ਹੈ ਤਾਂ ਉਹ ਆਪਣੀ ਮਾਂ-ਬੋਲੀ ਨੂੰ ਅਮੀਰ ਬਣਾ ਰਿਹਾ ਹੁੰਦਾ ਹੈ। ਇਸੇ ਹੀ ਤਰ੍ਹਾਂ ਜੇ ਕੋਈ ਰੂਸੀ ਜ਼ੁਬਾਨ ਵਿਚ ਖੋਜ ਕਰ ਰਿਹਾ ਡਾਕਟਰ ਆਪਣੀ ਮਾਂ-ਬੋਲੀ ਉਰਦੂ ਵਿਚ ਇਹ ਜਾਣਕਾਰੀ ਲਿਖਦਾ ਹੈ ਤਾਂ ਵੀ ਕਮਾਲ ਦਾ ਸਾਹਿਤ ਉਰਦੂ ਵਿਚ ਹੋਂਦ ਵਿਚ ਆ ਜਾਵੇਗਾ। ਇਸੇ ਹੀ ਤਰ੍ਹਾਂ ਅੰਗਰੇਜ਼ੀ ਵਿਚ ਰਚਿਆ ਡਾਕਟਰੀ ਸਾਹਿਤ ਜੇ ਪੰਜਾਬੀ ਬੋਲੀ ਵਿਚ ਦੋਹਾਂ ਦਾ ਵਧੀਆ ਸੁਮੇਲ ਕਰ ਕੇ ਘੜ ਦਿੱਤਾ ਜਾਏ ਤਾਂ ਆਪੇ ਹੀ ਰੂਹ ਦੀ ਖ਼ੁਰਾਕ ਬਣ ਜਾਣਾ ਹੋਇਆ।

ਇਸੇ ਕਰਕੇ ਦੁਭਾਸ਼ੀ ਜਾਂ ਤਿਭਾਸ਼ੀ ਇਨਸਾਨਾਂ ਦੀ ਅੱਜ ਕੱਲ੍ਹ ਕਾਫ਼ੀ ਕਦਰ ਪੈਣ ਲੱਗ ਗਈ ਹੈ।

ਇਹ ਸਭ ਵਿਗਿਆਨਕ ਤੱਥ ਦੱਸਣ ਦਾ ਮੇਰਾ ਮਕਸਦ ਸ਼ੀ ਕਿ ਮਾਂ-ਬੋਲੀ ਦੀ ਅਹਿਮੀਅਤ ਸਮਝਾਈ ਜਾ ਸਕੇ। ਜੇ ਹੁਣ ਗੱਲ ਕਰੀਏ ਪੰਜਾਬੀ ਭਾਸ਼ਾ ਦੀ ਤਾਂ ਮੈਂ ਸ਼ਾਇਦ ਪੂਰਾ ਇਨਸਾਫ਼ ਨਾ ਕਰ ਸਕਾਂ, ਕਿਉਂਕਿ ਮੈਂ ਇਸ ਬੋਲੀ ਦੀ ਨਾ ਐਮ.ਏ. ਕੀਤੀ ਹੈ ਤੇ ਨਾ ਪੀ-ਐੱਚ.ਡੀ., ਪਰ ਮੈਂ ਆਪਣੀ ਹੀ ਉਦਾਹਰਣ ਦੇ ਕੇ ਕੁੱਝ ਸਾਬਤ ਕਰਨਾ ਚਾਹੁੰਦੀ ਹਾਂ।

ਮੈਨੂੰ ਮੇਰੇ ਪਿਤਾ ਪ੍ਰੋ. ਪ੍ਰੀਤਮ ਸਿੰਘ ਜੀ ਨੇ ਬਹੁਤ ਸਾਲ ਹੱਲਾਸ਼ੇਰੀ ਦਿੱਤੀ ਕਿ ਮੈਂ ਨੀਰਸ ਡਾਕਟਰੀ ਸਾਹਿਤ ਨੂੰ ਮਾਂ-ਬੋਲੀ ਪੰਜਾਬੀ ਵਿਚ ਲਿਖ ਕੇ ਜੇ ਪੰਜਾਬੀਆਂ ਨੂੰ ਇਸ ਗਿਆਨ ਸਾਹਿਤ ਬਾਰੇ ਜਾਣਕਾਰੀ ਦੇ ਦੇਵਾਂ ਤਾਂ ਇਹ ਮਾਂ-ਬੋਲੀ ਦੀ ਸੇਵਾ ਹੋਵੇਗੀ।

ਮੈਂ ਸ਼ਾਇਦ ਕਦੇ ਵੀ ਨਾ ਲਿਖਦੀ ਜੇ ਪਿੰਡਾਂ ਵਿਚ ਮੈਂ ਮੁਫ਼ਤ ਮੈਡੀਕਲ ਕੈਂਪ ਨਾ ਲਗਾਉਣ ਜਾਂਦੀ। ਅਨਪੜ੍ਹਤਾ ਕਾਰਨ ਪੰਜਾਬੀਆਂ ਦੀ ਹਲਕੀ ਬੀਮਾਰੀ ਵੀ ਮੈਂ ਕਈ ਗੁਣਾ ਵਧੀ ਵੇਖੀ। ਉਨ੍ਹਾਂ ਨੂੰ ਵੱਡੀ ਪੱਧਰ 'ਤੇ ਜਾਣਕਾਰੀ ਪਹੁੰਚਾਉਣ ਦਾ ਕੋਈ ਹੋਰ ਜ਼ਰੀਆ ਨਹੀਂ ਸੀ, ਸਿਵਾਏ ਅਖ਼ਬਾਰਾਂ ਰਾਹੀਂ ਲਿਖਣ ਦੇ। ਵਹਿਮਾਂ-ਭਰਮਾਂ ਵਿਚ ਜਿਸ ਤਰ੍ਹਾਂ ਉਹ ਡੁੱਬੇ ਪਏ ਸਨ, ਉਸ ਦੀ ਮਿਸਾਲ ਮੈਂ ਪਹਿਲਾਂ ਵੀ ਲੇਖ ਰਾਹੀਂ ਦੇ ਚੁੱਕੀ ਹਾਂ ਕਿ ਮੁੰਡਾ ਪੈਦਾ ਕਰਵਾਉਣ ਲਈ ਕਿਸ ਤਰ੍ਹਾਂ ਇਕ ਸੱਸ ਆਪਣੀ ਨੂੰਹ ਨੂੰ ਦਰੱਖ਼ਤ ਥੱਲੇ ਖੜਾ ਕਰਕੇ ਰੱਖਦੀ ਸੀ ਕਿ ਜੇ ਕਾਲਾ ਕਾਂ ਉਸ ਉੱਤੇ ਵਿੱਠ ਕਰ ਦੇਵੇ ਤਾਂ ਢਿੱਡ ਅੰਦਰਲਾ ਬੱਚਾ ਮੁੰਡੇ ਵਿਚ ਤਬਦੀਲ ਹੋ ਜਾਵੇਗਾ। ਇਹ ਸਭ ਵੱਡੀ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਕਰਨ ਨਾਲ ਹੀ ਠੀਕ ਹੋ ਸਕਦਾ ਸੀ।

ਇਸੇ ਕਰਕੇ ਮੈਂ ਅਖ਼ਬਾਰਾਂ ਤੇ ਰਸਾਲਿਆਂ ਵਿਚ ਲਿਖਣਾ ਸ਼ੁਰੂ ਕੀਤਾ। ਮੇਰੇ ਲੇਖ ਪੜ੍ਹ ਕੇ ਮੈਨੂੰ ਨੈਰੋਬੀ, ਇਟਲੀ, ਇੰਗਲੈਂਡ, ਕੈਨੇਡਾ, ਅਮਰੀਕਾ ਤੇ ਜਰਮਨੀ ਵਿਚ ਵੱਸਦੇ ਪੰਜਾਬੀ ਪਰਵਾਸੀਆਂ ਦੇ ਵੀ ਫ਼ੋਨ ਪਹੁੰਚੇ ਹਨ।

ਮੈਂ ਜਦੋਂ ਹੈਰਾਨੀ ਨਾਲ ਉਨ੍ਹਾਂ ਨੂੰ ਪੁੱਛਣਾ ਕਿ ਉੱਥੇ ਬੈਠੇ ਵੀ ਉਹ *ਅਜੀਤ* ਅਖ਼ਬਾਰ ਰਾਹੀਂ ਆਪਣੀ ਪੰਜਾਬੀ ਮਾਂ-ਬੋਲੀ ਪ੍ਰਤਿ ਮੋਹ ਕਿਵੇਂ ਤੇ ਕਿਉਂ ਪਾਲ ਰਹੇ ਹਨ ਤੇ ਮੇਰੇ ਲੇਖ ਏਨੇ ਧਿਆਨ ਨਾਲ ਕਿਉਂ ਪੜ੍ਹ ਰਹੇ ਹਨ ਤਾਂ ਲਗਭਗ ਸਭ ਦਾ ਜਵਾਬ ਇੱਕੋ ਜਿਹਾ ਸੀ।

ਉਨ੍ਹਾਂ ਕਿਹਾ ਕਿ ਉੱਥੇ ਦੇ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਉਨ੍ਹਾਂ ਨੂੰ ਵਕਤ ਬਹੁਤ ਘੱਟ ਮਿਲਦਾ ਹੈ, ਪਰ ਹਰ ਐਤਵਾਰ ਨੂੰ ਉਹ ਇੰਟਰਨੈੱਟ 'ਤੇ ਆਪਣੇ ਪੰਜਾਬ ਦੀ ਧਰਤੀ ਬਾਰੇ ਪੜ੍ਹ ਕੇ ਇਸ ਤਰ੍ਹਾਂ ਦਾ ਇਹਸਾਸ ਕਰ ਲੈਂਦੇ ਹਨ, ਜਿਵੇਂ ਇੱਥੇ ਹੀ ਪਹੁੰਚ ਗਏ ਹੋਣ ਤੇ ਆਪਣੀ ਧਰਤੀ ਦੀ ਖ਼ੁਸ਼ਬੋ ਸੁੰਘ ਰਹੇ ਹੋਣ। ਦੂਜੀ ਚੀਜ਼ ਹੈ ਪੰਜਾਬੀ ਬੋਲੀ ਨਾਲ ਲਗਾਓ ਦੀ। ਇਹੀ ਇਕ ਬੋਲੀ ਹੈ, ਜਿਸ ਨਾਲ ਉਹ ਹਾਲੇ ਵੀ ਦੁਨੀਆ ਦੇ ਹਰ ਕੋਨੇ ਵਿਚ ਵੱਸਦੇ ਪੰਜਾਬੀ ਨਾਲ ਦਿਲੀ ਸਾਂਝ ਜੋੜ ਕੇ ਬੈਠੇ ਹਨ, ਕਿਉਂਕਿ

ਹਰ ਪੰਜਾਬੀ ਦੀ ਪਛਾਣ ਪੰਜਾਬੀ ਬੋਲੀ ਨਾਲ ਜੁੜੀ ਪਈ ਹੈ। ਅੱਜ ਵੀ ਕਿਤੇ ਉਨ੍ਹਾਂ ਨੂੰ ਸੱਤ ਸਮੁੰਦਰੋਂ ਪਾਰ ਕੋਈ ਪੰਜਾਬੀ ਮਿਲਦਾ ਹੈ ਤਾਂ ਉਹ ਗੱਜ ਕੇ 'ਸਤਿ ਸ੍ਰੀ ਅਕਾਲ' ਬੁਲਾਉਂਦੇ ਹਨ ਤੇ ਉਨ੍ਹਾਂ ਦੀ ਰੂਹ ਤਕ ਖ਼ੁਸ਼ ਹੋ ਜਾਂਦੀ ਹੈ, ਜਿਵੇਂ ਕੋਈ ਆਪਣਾ ਹੀ ਮਿਲ ਗਿਆ ਹੋਵੇ।

ਇਹ ਹੁੰਦੀ ਹੈ ਬੋਲੀ ਦੀ ਖਿੱਚ ਤੇ ਕਿਸੇ ਵੀ ਅਣਪਛਾਤੇ ਹਮ-ਜ਼ੁਬਾਨ ਨਾਲ ਦਿਲੀ ਸਾਂਝ ਜੋ ਕਿਸੇ ਨੂੰ ਬਿਨਾਂ ਦੇਖੇ ਵੀ ਇਕ ਦੂਜੇ ਨਾਲ ਬੰਨ੍ਹ ਦਿੰਦੀ ਹੈ।

ਜੇ ਮੈਂ ਅੱਜ ਵੀ ਪਿੱਛੇ ਝਾਤ ਮਾਰਾਂ ਤਾਂ ਮੈਂ ਵੀ ਲੱਖਾਂ ਡਾਕਟਰਾਂ ਵਿੱਚੋਂ ਹੀ ਇਕ ਡਾਕਟਰ ਸੀ, ਪਰ ਨੈਰੋਬੀ ਜਾਂ ਇਟਲੀ ਵਿਚਲੇ ਅਣਦੇਖੇ ਵੀਰ ਨਾਲ ਦਿਲੀ ਸਾਂਝ ਆਪਣੀ ਮਾਂ-ਬੋਲੀ ਦੀਆਂ ਤਰੰਗਾਂ ਰਾਹੀਂ ਹੀ ਬਣਾ ਸਕੀ ਹਾਂ। ਪੰਜਾਬ ਦੀ ਧਰਤੀ 'ਤੇ ਮੇਰੀ ਪਛਾਣ ਵੀ ਮਾਂ-ਬੋਲੀ ਦੀ ਸੇਵਾ ਕਰਕੇ ਹੀ ਹੈ।

ਬਾਬਾ ਫ਼ਰੀਦ ਜੀ ਨੇ ਅੱਠ ਸੌ ਸਾਲ ਪਹਿਲਾਂ ਜਦੋਂ ਰਚਨਾ ਸ਼ੁਰੂ ਕੀਤੀ ਤਾਂ ਪੰਜਾਬੀ ਭਾਸ਼ਾ ਹੀ ਚੁਣੀ ਸੀ, ਕਿਉਂਕਿ ਉਹ ਜਾਣਦੇ ਸਨ ਕਿ ਭਾਸ਼ਾ ਨੂੰ ਅਗਾਂਹ ਵਧਾਉਣ ਲਈ ਇਸ ਨੂੰ ਵਧੀਆ ਸਾਹਿਤ ਨਾਲ ਭਰਪੂਰ ਕਰਨਾ ਜ਼ਰੂਰੀ ਹੁੰਦਾ ਹੈ। ਇਸ ਤੋਂ ਇਹ ਤਾਂ ਸਾਬਤ ਹੋ ਗਿਆ ਕਿ ਹੁਣ ਦੀਆਂ ਪ੍ਰਚਲਿਤ ਬੋਲੀਆਂ ਵਿੱਚੋਂ ਸਭ ਤੋਂ ਪੁਰਾਣੀ ਬੋਲੀ ਪੰਜਾਬੀ ਬੋਲੀ ਹੀ ਹੋਈ।

ਪੰਜਾਬ ਦੇ ਕੁੱਖੋਂ ਜੰਮੀ ਮਹਾਨ ਤੇ ਪੂਜਨੀਕ ਸ਼ਖ਼ਸੀਅਤ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਦੋਂ ਲੋਕਾਂ ਨੇ ਪੁੱਛਿਆ ਕਿ ਉਹ ਆਪਣੀ ਰਚਨਾ ਫ਼ਾਰਸੀ ਛੱਡ ਕੇ ਪੰਜਾਬੀ ਵਿਚ ਕਿਉਂ ਰਚ ਰਹੇ ਹਨ ਤਾਂ ਉਨ੍ਹਾਂ ਲਾਹਨਤ ਪਾ ਕੇ ਕਿਹਾ, "ਓਏ 'ਮਲੇਸ਼ ਬੋਲੀ' ਨੂੰ ਅਪਣਾਉਣ ਵਾਲਿਓ, ਕੁੱਝ ਸ਼ਰਮ ਕਰੋ ਤੇ ਪਰਾਈ ਬੋਲੀ ਨੂੰ ਅਪਣਾਉਣ ਦੀ ਥਾਂ ਆਪਣੀ ਬੋਲੀ ਨੂੰ ਅਪਣਾਓ।"

ਸ੍ਰੀ ਗੁਰੂ ਅਮਰ ਦਾਸ ਜੀ ਨੂੰ ਜਦੋਂ ਲੋਕਾਂ ਨੇ ਪੁੱਛਿਆ ਕਿ ਉਹ ਦੇਵ ਬੋਲੀ ਸੰਸਕ੍ਰਿਤ ਨੂੰ ਛੱਡ ਕੇ ਪੰਜਾਬੀ ਵਿਚ ਕਿਉਂ ਲਿਖ ਰਹੇ ਹਨ ਤਾਂ ਉਨ੍ਹਾਂ ਕਿਹਾ ਕਿ ਸੰਸਕ੍ਰਿਤ ਤਾਂ ਛੱਪੜੀ ਵਾਂਗ ਹੈ, ਜੋ ਇੱਕੋ ਥਾਂ 'ਤੇ ਟਿਕੀ ਹੋਈ ਹੈ, ਪਰ ਪੰਜਾਬੀ ਬੋਲੀ ਮੀਂਹ ਵਾਂਗ ਹੈ, ਜੋ ਵੱਸ ਕੇ ਸਭ ਨੂੰ ਰੋਮ ਰੋਮ ਤਕ ਭਿਉਂ ਦਿੰਦੀ ਹੈ।

ਪਾਕਿਸਤਾਨ ਦੇ ਰੂਹੇ-ਰਵਾਂ ਡਾ. ਸਰ ਮੁਹੰਮਦ ਇਕਬਾਲ ਨੇ ਗੁਰੂ ਨਾਨਕ ਦੇਵ ਜੀ ਬਾਰੇ ਕਿਹਾ ਸੀ, "ਫਿਰ ਉਠੀ ਆਖ਼ਰ ਸਦਾ ਤੌਹੀਦ ਕੀ ਪੰਜਾਬ ਸੇ। ਹਿੰਦ ਕੋ ਇਕ ਮਰਦੇ-ਕਾਮਿਲ ਨੇ ਜਗਾਇਆ ਖ਼ਾਬ ਸੇ।" ਯਾਨੀ ਗੁਰੂ ਨਾਨਕ ਦੇਵ ਜੀ ਕਿਸੇ ਇਕ ਧਰਮ ਦੀ ਲੀਕ ਨਾਲ ਬੰਨ੍ਹੇ ਨਹੀਂ ਗਏ, ਬਲਕਿ ਆਪਣੀ ਰਚਨਾ ਕਾਰਨ ਸਭ ਧਰਮਾਂ ਦੇ ਲੋਕਾਂ ਦੇ ਪੂਜਨੀਕ ਬਣ ਗਏ ਹਨ।

ਬਿਲਕੁਲ ਏਸੇ ਹੀ ਤਰ੍ਹਾਂ ਪੰਜਾਬੀ ਬੋਲੀ ਵੀ ਕਿਸੇ ਧਰਮ ਨਾਲ ਨਹੀਂ ਜੁੜੀ ਹੋਈ, ਬਲਕਿ ਹਰ ਪੰਜਾਬੀ ਦੀ ਪਛਾਣ ਹੈ, ਭਾਵੇਂ ਉਹ ਪਾਕਿਸਤਾਨ ਵਿਚ ਹੈ, ਹਿੰਦੁਸਤਾਨ ਵਿਚ, ਅਰਬ ਵਿਚ, ਰੂਸ ਵਿਚ ਜਾਂ ਅਮਰੀਕਾ ਵਿਚ।

ਦੁਨੀਆ ਭਰ ਵਿਚ ਐਸ ਵੇਲੇ 6,800 ਬੋਲੀਆਂ ਪ੍ਰਚਲਿਤ ਹਨ ਤੇ ਇਨ੍ਹਾਂ ਵਿੱਚੋਂ ਹਰ ਪੰਦਰੀਂ ਦਿਨੀਂ ਇਕ ਬੋਲੀ ਖ਼ਤਮ ਹੁੰਦੀ ਜਾ ਰਹੀ ਹੈ। ਕਾਰਨ ਹੈ ਬੋਲੀ ਬੋਲਣ ਵਾਲਿਆਂ ਦਾ ਖ਼ਤਮ ਹੋਣਾ ਜਾਂ ਆਪਣੀ ਬੋਲੀ ਛੱਡ ਕੇ ਦੂਜੀ ਬੋਲੀ ਅਪਣਾ ਲੈਣਾ। ਦੁਨੀਆ ਭਰ ਦੀਆਂ ਪ੍ਰਚਲਿਤ ਬੋਲੀਆਂ ਵਿੱਚੋਂ ਪੰਜਾਬੀ ਬੋਲੀ ਐਸ ਵੇਲੇ ਤੇਰ੍ਹਵੇਂ ਨੰਬਰ ਉੱਤੇ ਪਹੁੰਚੀ ਦੱਸੀ ਜਾਂਦੀ ਹੈ।

ਪੰਜਾਬ ਵਿਚ ਵੱਸਦੇ ਪੰਜਾਬੀਆਂ ਨੂੰ ਆਪਣੀ ਮਾਂ-ਬੋਲੀ ਤੋਂ ਕੁਝ ਸ਼ਰਮ ਆਉਣੀ ਸ਼ੁਰੂ ਹੋ ਚੁੱਕੀ ਹੈ। ਇਸੇ ਲਈ ਬੋਲੀ ਦਾ ਬੱਚੇ ਦੇ ਮਾਨਸਿਕ ਵਿਕਾਸ ਉੱਤੇ ਅਸਰ ਜਾਣੇ ਬਗ਼ੈਰ ਉਹ ਆਪਣੇ ਨਿੱਕੇ ਬੱਚੇ ਨੂੰ ਸਕੂਲ ਦਾਖ਼ਲ ਕਰਨ ਤੋਂ ਪਹਿਲਾਂ ਹੀ ਅੰਗਰੇਜ਼ੀ ਜ਼ੁਬਾਨ ਸਿਖਾਉਣ ਵੱਲ ਰੁੱਝ ਗਏ ਹਨ। ਹਰ ਗਲੀ ਵਿਚ ਖੁੱਲ੍ਹੇ ਅੰਗਰੇਜ਼ੀ ਮਾਧਿਅਮ ਦੇ ਸਕੂਲ ਇਸ ਦੇ ਗਵਾਹ ਹਨ। ਸਰਕਾਰਾਂ ਤਾਂ ਇਸ ਪੱਖ ਵੱਲੋਂ ਬਿਲਕੁਲ ਬੇ-ਗ਼ੌਰੀਆਂ ਹਨ, ਪਰ ਜੇ ਕਿਸੇ ਪੰਜਾਬੀ ਨੂੰ ਮੇਰੇ ਇਸ ਲੇਖ ਰਾਹੀਂ ਮਾਂ-ਬੋਲੀ ਦਾ ਮਹੱਤਵ ਸਮਝ ਆ ਗਿਆ ਹੋਵੇ ਤਾਂ ਉਹ ਸਮਝ ਸਕਦਾ ਹੈ ਕਿ ਉਹ ਆਪਣੇ ਬੱਚੇ ਨਾਲ ਕਿਸ ਤਰ੍ਹਾਂ ਦਾ ਵੈਰ ਕਮਾ ਰਿਹਾ ਹੈ। ਇਸ ਨਾਲ ਇਕ ਪਾਸੇ ਤਾਂ ਉਨ੍ਹਾਂ ਦਾ ਬੱਚਾ ਕਿਸੇ ਵੀ ਜ਼ੁਬਾਨ ਦਾ ਮਾਹਿਰ ਤਾਂ ਬਣ ਹੀ ਨਹੀਂ ਸਕਣ ਲੱਗਾ ਤੇ ਦੂਜੇ ਪਾਸੇ ਪੰਜਾਬੀ ਜ਼ੁਬਾਨ ਦੇ ਅੰਤ ਦਾ ਐਲਾਨ ਕਰਨ ਲੱਗ ਪਿਆ ਹੈ।

ਇਸੇ ਲਈ ਹਰ ਪੰਜਾਬੀ ਨੂੰ ਹੰਭਲਾ ਮਾਰ ਕੇ ਉੱਠਣਾ ਚਾਹੀਦਾ ਹੈ ਕਿ ਉਸ ਦਾ ਬੱਚਾ ਚੌਥੀ ਜਮਾਤ ਤਕ ਤਾਂ ਸਿਰਫ਼ ਪੰਜਾਬੀ ਹੀ ਪੜ੍ਹੇਗਾ ਤਾਂ ਜੋ ਮਾਂ-ਬੋਲੀ ਨਾਲ ਉਸ ਦਾ ਮਾਨਸਿਕ ਵਿਕਾਸ ਠੀਕ ਹੋ ਸਕੇ। ਮਾਂ-ਬੋਲੀ ਦੇ ਪਰਪੱਕ ਹੋ ਜਾਣ 'ਤੇ ਭਾਵੇਂ ਉਸ ਨੂੰ ਅੰਗਰੇਜ਼ੀ ਸਮੇਤ ਦਸ ਹੋਰ ਭਾਸ਼ਾਵਾਂ ਵੀ ਸਿਖਾ ਦਿੱਤੀਆਂ ਜਾਣ ਤਾਂ ਵੀ ਉਹ ਆਸਾਨੀ ਨਾਲ ਸਿੱਖ ਲਵੇਗਾ।

ਹਰ ਪੰਜਾਬੀ ਨੂੰ ਆਪਣੇ ਆਪਣੇ ਕਿੱਤੇ ਵਿਚ ਮਾਹਿਰ ਬਣਨ ਤੋਂ ਬਾਅਦ ਬਾਕੀਆਂ ਨੂੰ ਆਪਣੀ ਮਾਂ-ਬੋਲੀ ਵਿਚ ਉਸ ਬਾਰੇ ਜਾਣਕਾਰੀ ਜ਼ਰੂਰ ਦੇਣੀ ਚਾਹੀਦੀ ਹੈ ਤਾਂ ਜੋ ਪੰਜਾਬੀ ਭਾਸ਼ਾ ਨੂੰ ਹੋਰ ਭਰਪੂਰ ਕੀਤਾ ਜਾ ਸਕੇ ਤੇ ਇਸ ਪਿਆਰੀ ਭਾਸ਼ਾ ਨੂੰ ਕਦੇ ਵੀ ਖ਼ਤਮ ਨਾ ਕੀਤਾ ਜਾ ਸਕੇ, ਖ਼ਾਸਕਰ ਅੰਗਰੇਜ਼ੀ ਨਾਲ ਤਾਂ ਬਿਲਕੁਲ ਨਹੀਂ।

ਜੇ ਅਸੀਂ ਪੰਜਾਬੀ ਬੋਲੀ ਦੀ ਇਬਾਦਤ ਕਰਨੀ ਸਿੱਖ ਲਈਏ ਤਾਂ ਅਤਿਕਥਨੀ ਨਹੀਂ ਹੋਵੇਗੀ ਕਿ ਇਹ ਆਪਣੀ ਤੇਰ੍ਹਵੀਂ ਕੁਰਸੀ ਛੱਡ ਕੇ ਉਪਰਲੀਆਂ ਕੁਰਸੀਆਂ ਵੱਲ ਵਧਣਾ ਸ਼ੁਰੂ ਕਰ ਦੇਵੇਗੀ।

•

4

ਮੰਮੀ, ਪਚਵੰਜਾ ਕੀ ਹੁੰਦੈ ?

ਸਿੱਖ ਜਥੇਬੰਦੀਆਂ ਦੇ ਮੋਢੀਆਂ ਦੇ ਇਕ ਗ਼ੈਰ-ਰਸਮੀ ਇਕੱਠ ਵਿਚ ਮੈਨੂੰ ਖੜੇ ਹੋਣ ਦਾ ਮੌਕਾ ਮਿਲਿਆ।

ਪੰਜਾਬ ਵਿਚਲੀਆਂ ਚੋਣਾਂ ਬਾਰੇ ਬੜਾ ਸ਼ੋਰੀਲਾ ਵਿਚਾਰ-ਵਟਾਂਦਰਾ ਹੋ ਰਿਹਾ ਸੀ। ਸਿਆਸੀ ਪਾਰਟੀਆਂ ਦੇ ਨੁਮਾਇੰਦੇ ਚੋਣਾਂ ਵਾਸਤੇ ਪੁੱਟੇ ਠੋਸ ਕਦਮਾਂ ਬਾਰੇ ਚਾਨਣਾ ਪਾ ਰਹੇ ਸਨ। ਚੋਣ ਪ੍ਰਚਾਰ ਵਾਸਤੇ ਲੋਕਾਂ ਦਾ ਜ਼ਮੀਰ ਧਾਰਮਿਕ ਪੱਖੋਂ ਹਲੂਣ ਦੇਣ ਦੀ ਗੱਲ ਕੀਤੀ ਗਈ।

ਇਸ ਸਾਰੀ ਬਹਿਸ ਵਿਚ ਕਿਤੇ ਪੰਜਾਬੀ ਜਾਂ ਪੰਜਾਬੀਅਤ ਬਾਰੇ ਉੱਕਾ ਹੀ ਕੋਈ ਗੱਲ ਨਹੀਂ ਛਿੜੀ।

ਮੈਂ ਇਸ ਪੱਖੋਂ ਤਾਂ ਬਿਲਕੁਲ ਹੀ ਸਪਸ਼ਟ ਹਾਂ ਕਿ ਕਿਸੇ ਸਿਆਸੀ ਮੋਢੀ ਨੂੰ ਇਸ ਬਾਰੇ ਸੋਚਣ ਦੀ ਵਿਹਲ ਨਹੀਂ ਹੈ। ਮੇਰਾ ਤਾਂ ਇੱਕੋ ਮਕਸਦ ਹੈ ਕਿ ਹਰ ਪੰਜਾਬੀ ਨੂੰ ਹਲੂਣ ਸਕਾਂ ਕਿ ਉਸ ਦੀ ਪਛਾਣ ਖ਼ਤਰੇ ਵਿਚ ਹੈ।

ਹਰ ਪੰਜਾਬੀ ਦੇ ਸਾਹਮਣੇ ਮੈਂ ਇਹ ਤੱਥ ਰੱਖਣੇ ਚਾਹੁੰਦੀ ਹਾਂ :

1. ਇਹ ਸਾਬਤ ਹੋ ਚੁੱਕਿਆ ਹੈ ਕਿ ਐਸ ਵੇਲੇ ਦੀਆਂ ਪ੍ਰਚਲਿਤ ਭਾਸ਼ਾਵਾਂ ਵਿੱਚੋਂ ਪੰਜਾਬੀ ਬਹੁਤ ਪੁਰਾਣੀ ਭਾਸ਼ਾ ਹੈ।

   ਜੇ ਪ੍ਰੋ. ਪ੍ਰੀਤਮ ਸਿੰਘ ਦੇ ਵਿਸ਼ਵ ਪੰਜਾਬੀ ਕਾਨਫ਼ਰੰਸ ਵਿਚ ਪੜ੍ਹੇ ਕੁੰਜੀਵਤ ਖੋਜ-ਪੱਤਰ ਵਿਚਲੀਆਂ ਇਨ੍ਹਾਂ ਸਤਰਾਂ 'ਤੇ ਧਿਆਨ ਦਿੱਤਾ ਜਾਵੇ ਤਾਂ ਸਭ ਨੂੰ ਪਤਾ ਲੱਗ ਗਿਆ ਹੋਣਾ ਹੈ ਕਿ ਅੰਗਰੇਜ਼ੀ ਦੇ ਕਵੀ ਚਾਸਰ ਨੂੰ ਜੇ ਪਹਿਲਾ ਅੰਗਰੇਜ਼ੀ ਦਾ ਸ਼ਾਇਰ ਮੰਨਿਆ ਜਾਵੇ ਤਾਂ ਉਸ ਦਾ ਜਨਮ 1340 ਵਿਚ ਹੋਇਆ ਸੀ, ਜਦ ਕਿ ਬਾਬਾ ਫ਼ਰੀਦ 1178 ਵਿਚ ਜਨਮੇ ਸਨ। ਇਸ ਦਾ ਮਤਲਬ ਇਹ ਹੋਇਆ ਕਿ ਚਾਸਰ ਪੰਜਾਬੀ ਦੇ ਆਦਿ ਕਵੀ ਬਾਬਾ ਫ਼ਰੀਦ ਦੇ ਪੜਪੋਤਰਿਆਂ ਦੀ ਉਮਰ ਦਾ ਹੋਇਆ ਤਾਂ ਪੰਜਾਬੀ ਬੋਲੀ ਆਪੇ ਹੀ ਅੰਗਰੇਜ਼ੀ ਤੋਂ ਪੁਰਾਣੀ ਭਾਸ਼ਾ ਸਾਬਤ ਹੋ ਗਈ।

2. ਸੁਲੇਮਾਨ ਪਰਬਤ ਤੋਂ ਜਮਨਾ ਦੇ ਤੱਟ ਤਕ ਫੈਲੀ ਜ਼ਮੀਨ ਵਿਚ ਇਹ ਭਾਸ਼ਾ ਵਰਤੀ ਜਾਂਦੀ ਸੀ। ਇਸ ਪ੍ਰਸਾਰ ਅਨੁਸਾਰ ਪੰਜਾਬੀ ਭਾਸ਼ਾ ਨੂੰ ਧਰਤੀ ਉੱਤੇ ਇਕ ਬਹੁਤ ਵੱਡੇ ਖੇਤਰ ਵਿਚ ਵਰਤੇ ਜਾਣ ਦਾ ਮਾਣ ਪ੍ਰਾਪਤ ਹੈ।

3. *ਐਨਸਾਈਕਲੋਪੀਡੀਆ* ਅਨੁਸਾਰ ਹਿੰਦੁਸਤਾਨ ਵਿਚਲੇ ਤਿੰਨ ਕਰੋੜ ਤੇ ਪਾਕਿਸਤਾਨ ਵਿਚਲੇ ਅੱਠ ਕਰੋੜ ਤੋਂ ਇਲਾਵਾ ਇੰਗਲੈਂਡ, ਅਮਰੀਕਾ, ਕੈਨੇਡਾ, ਦੁਬਈ ਸਮੇਤ ਦੁਨੀਆ ਭਰ ਵਿਚਲੇ ਪੰਜਾਬੀ ਬੋਲਣ ਵਾਲੇ ਬੰਦਿਆਂ ਦਾ ਜੋੜ ਐਸ ਵੇਲੇ ਇੱਕੀ ਕਰੋੜ ਤੋਂ ਉਪਰ ਹੈ।
4. ਇੰਗਲੈਂਡ ਵਿਚ ਐਸ ਵੇਲੇ ਪੰਜਾਬੀ ਭਾਸ਼ਾ ਆਮ ਬੋਲਣ ਵਾਲੀਆਂ ਭਾਸ਼ਾਵਾਂ ਵਿੱਚੋਂ ਦੂਜੇ ਨੰਬਰ 'ਤੇ ਹੈ ਅਤੇ ਕੈਨੇਡਾ ਵਿਚ ਪੰਜਵੇਂ ਨੰਬਰ 'ਤੇ।
5. ਜਰਮਨੀ ਵਿਚ 6 ਸਾਲ ਦੇ ਬੱਚੇ ਨੂੰ ਸਕੂਲ ਵਿਚ ਪੜ੍ਹਨੇ ਪਾਇਆ ਜਾਂਦਾ ਹੈ ਤੇ ਤੀਸਰੀ ਜਮਾਤ ਤਕ ਸਿਰਫ਼ ਮਾਂ-ਬੋਲੀ ਯਾਨੀ ਜਰਮਨ ਹੀ ਪੜ੍ਹਾਈ ਜਾਂਦੀ ਹੈ। ਮਾਂ-ਬੋਲੀ ਵਿਚ ਹੀ ਹਿਸਾਬ ਤੇ ਸਾਇੰਸ ਵੀ ਥੋੜ੍ਹੀ ਥੋੜ੍ਹੀ ਨਾਲ ਪੜ੍ਹਾਈ ਜਾਂਦੀ ਹੈ। ਖੇਡਾਂ 'ਤੇ ਪੂਰਾ ਜ਼ੋਰ ਪਾਇਆ ਜਾਂਦਾ ਹੈ ਤਾਂ ਜੋ ਬੱਚੇ ਦੀ ਸੰਪੂਰਨ ਸ਼ਖ਼ਸੀਅਤ ਉਭਰ ਕੇ ਸਾਹਮਣੇ ਆ ਸਕੇ। ਇਸ ਤਰ੍ਹਾਂ ਬੱਚੇ ਆਤਮ ਵਿਸ਼ਵਾਸ ਨਾਲ ਭਰਪੂਰ ਬਣ ਜਾਂਦੇ ਹਨ ਤੇ ਸਰੀਰਕ ਪੱਖੋਂ ਵੀ ਮਜ਼ਬੂਤ।
6. ਫ਼ਰਾਂਸ ਵਿਚ ਵੀ ਅਜਿਹਾ ਹੀ ਹਾਲ ਹੈ। ਅੰਗਰੇਜ਼ੀ ਬੋਲੀ ਨੂੰ ਉਹ ਆਪਣੀ ਬੋਲੀ ਨਾਲੋਂ ਨੀਵੀਂ ਸਮਝਦੇ ਹਨ। ਇਸੇ ਲਈ ਬਹੁਤੀ ਵਾਰ ਆਪਣੇ ਦੇਸ ਅੰਦਰ ਅੰਗਰੇਜ਼ੀ ਵਿਚ ਕੁੱਝ ਪੁੱਛਣ ਵਾਲੇ ਨਾਲ ਗੱਲ ਕਰਨੀ ਹੀ ਪਸੰਦ ਨਹੀਂ ਕਰਦੇ ਤੇ ਉਸ ਦੇ ਸਵਾਲ ਦਾ ਜਵਾਬ ਦਿੱਤੇ ਬਿਨਾਂ ਹੀ ਅਗਾਂਹ ਤੁਰ ਪੈਂਦੇ ਹਨ।

ਦਾਦ ਦੇਣੀ ਚਾਹੀਦੀ ਹੈ ਮੁੱਠੀ ਭਰ ਅੰਗਰੇਜ਼ਾਂ ਨੂੰ, ਜਿਨ੍ਹਾਂ ਨੇ ਭਾਰਤ ਵਰਗੇ ਵਿਸ਼ਾਲ ਦੇਸ ਉੱਤੇ ਰਾਜ ਕਰ ਕੇ ਇੱਥੇ ਅੰਗਰੇਜ਼ੀ ਦਾ ਬੀਜ ਬੋਅ ਦਿੱਤਾ। ਉਨ੍ਹਾਂ ਦੇ ਸਿਆਣੇ ਸਾਲਾਹਕਾਰਾਂ ਨੂੰ ਪੂਰੀ ਸਮਝ ਸੀ ਕਿ ਦੁਨੀਆ ਭਰ ਵਿਚ ਛਾ ਜਾਣ ਅਤੇ ਆਪਣੇ ਆਪ ਨੂੰ ਸਰਬੋਤਮ ਸਾਬਤ ਕਰਨ ਦਾ ਇਸ ਤੋਂ ਵਧੀਆ ਜ਼ਰੀਆ ਕੋਈ ਨਹੀਂ ਕਿ ਆਪਣੀ ਬੋਲੀ ਨੂੰ ਸਾਰੀ ਦੁਨੀਆ ਵਿਚ ਫੈਲਾ ਦਿੱਤਾ ਜਾਵੇ।

ਅੰਗਰੇਜ਼ਾਂ ਨੂੰ ਇਹ ਪੂਰੀ ਤਰ੍ਹਾਂ ਪਤਾ ਸੀ ਕਿ ਜਦੋਂ ਵੀ ਬੱਚੇ ਨੂੰ ਸਕੂਲ ਦੇ ਬੁਨਿਆਦੀ ਸਮੇਂ ਵਿਚ, ਜਿਸ ਵੇਲੇ ਅਜੇ ਬੱਚੇ ਦਾ ਦਿਮਾਗ਼ ਪੂਰੀ ਤਰ੍ਹਾਂ ਤਿਆਰ ਨਹੀਂ ਹੋਇਆ ਹੁੰਦਾ, ਜੇ ਮਾਂ-ਬੋਲੀ ਤੋਂ ਦੂਰ ਕਰ ਕੇ ਅੰਗਰੇਜ਼ੀ ਸਿੱਖਣ ਵੱਲ ਲਾ ਦਿੱਤਾ ਜਾਏ ਤਾਂ ਉਹ ਬੱਚਾ ਕਮਜ਼ੋਰ ਸ਼ਖ਼ਸੀਅਤ ਦਾ ਬਣ ਜਾਂਦਾ ਹੈ।

ਬੋਲੀ ਸਿੱਖਣ ਦਾ ਇਹ ਅਸੂਲ ਹਰ ਵਿਕਸਤ ਦੇਸ ਨੂੰ ਪਤਾ ਹੈ ਕਿ ਜੇ ਬੱਚਾ ਸਕੂਲ ਦੇ ਪਹਿਲੇ ਛੇ ਸਾਲ ਸਿਰਫ਼ ਮਾਂ-ਬੋਲੀ ਵਿਚ ਪੜ੍ਹੇ ਤਾਂ ਉਸ ਦੇ ਦਿਮਾਗ਼ ਦਾ ਕੰਪਿਊਟਰ ਏਨਾ ਕੁ ਰਵਾਂ ਹੋ ਜਾਂਦਾ ਹੈ ਕਿ ਉਸ ਤੋਂ ਬਾਅਦ ਕੋਈ ਵੀ ਹੋਰ ਬੋਲੀ ਦਾ ਅੱਖਰ ਉਹ ਆਪਣੇ ਪਹਿਲਾਂ ਦੇ ਸਿੱਖੇ ਅੱਖਰਾਂ ਨਾਲ ਮੇਲ ਕੇ ਫੱਟ ਸਿੱਖ ਲੈਂਦਾ ਹੈ।

ਜਿਹੜਾ ਦੂਜਾ ਪੱਖ ਅੱਖੋਂ ਪਰੋਖੇ ਹੋ ਰਿਹਾ ਹੈ, ਉਹ ਇਹ ਹੈ ਕਿ ਬੋਲੀ ਦੀਆਂ ਬਰੀਕੀਆਂ ਸਮਝੇ ਬਗ਼ੈਰ ਆਪਣੀ ਸੱਭਿਅਤਾ ਨਾਲ ਡੂੰਘਿਆਈ ਨਾਲ ਵਾਕਫ਼ੀਅਤ

ਨਹੀਂ ਹੋ ਸਕਦੀ ਤੇ ਬੱਚਾ ਆਪਣੀ ਵੱਖਰੀ ਪਛਾਣ ਕਾਇਮ ਨਹੀਂ ਕਰ ਸਕਦਾ। ਇਸ ਤਰ੍ਹਾਂ ਬੱਚੇ ਦਾ ਦਿਮਾਗ਼ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। ਨਾ ਤਾਂ ਉਹ ਆਪਣੀ ਸੱਭਿਅਤਾ ਵਿਚ ਰਚਿਆ ਤੇ ਨਾ ਹੀ ਦੂਜੀ ਸੱਭਿਅਤਾ ਦਾ ਰੰਗ ਉਸ ਉੱਤੇ ਪੂਰੀ ਤਰ੍ਹਾਂ ਚੜ੍ਹ ਸਕਦਾ ਹੈ। ਕਿਸੇ ਵੀ ਸੱਭਿਅਤਾ ਦੇ ਰੰਗ ਵਿਚ ਰੰਗੇ ਜਾਣ ਲਈ ਬੋਲੀ ਦੀ ਪਕੜ ਮਜ਼ਬੂਤ ਹੋਣੀ ਜ਼ਰੂਰੀ ਹੈ, ਆਤਮ- ਵਿਸ਼ਵਾਸ ਕੁੱਟ ਕੁੱਟ ਕੇ ਭਰਿਆ ਹੋਣਾ ਚਾਹੀਦਾ ਹੈ ਤੇ ਉਸ ਸੱਭਿਅਤਾ ਦੇ ਇਤਿਹਾਸ ਦੇ ਹਰ ਪਹਿਲੂ ਤੋਂ ਵਾਕਿਫ਼ ਹੋਣਾ ਜ਼ਰੂਰੀ ਹੈ।

ਅੰਗਰੇਜ਼ ਹਾਕਮਾਂ ਦੀ ਬੱਚੇ ਦੀ ਮਾਨਸਿਕਤਾ ਨੂੰ ਏਨੀ ਬਾਰੀਕੀ ਨਾਲ ਸਮਝ ਕੇ ਚੱਲੀ ਚਾਲ ਨੇ ਮੈਨੂੰ ਕਾਇਲ ਕਰ ਛੱਡਿਆ ਹੈ। ਨਤੀਜਾ ਸਾਡੇ ਸਭ ਦੇ ਸਾਹਮਣੇ ਹੈ :

1. ਪੰਜਾਬ ਵਿਚ ਆਪਣੀ ਬੋਲੀ ਨੂੰ ਉੱਕਾ ਹੀ ਤਰਜੀਹ ਨਹੀਂ ਦਿੱਤੀ ਜਾਂਦੀ।
2. ਪੰਜਾਬ ਦੇ ਵੱਡੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਪੰਜਾਬੀ ਬੋਲਣ 'ਤੇ ਬੱਚਿਆਂ ਨੂੰ ਜੁਰਮਾਨਾ ਦੇਣਾ ਪੈਂਦਾ ਹੈ ਜਾਂ ਸਜ਼ਾ ਦਿੱਤੀ ਜਾਂਦੀ ਹੈ।
3. ਸਕੂਲ ਵਿਚ ਤੀਜੀ ਜਮਾਤ ਤਕ ਸਿਰਫ਼ ਮਾਂ-ਬੋਲੀ ਪੜ੍ਹਾਈ ਜਾਣ 'ਤੇ ਨਾ ਤਾਂ ਹੁਕਮਰਾਨ ਤਿਆਰ ਹਨ ਤੇ ਨਾ ਹੀ ਮਾਪੇ।
4. ਪੰਜਾਬੀ ਮਾਪੇ ਆਪਣੀ ਬੋਲੀ ਉਪਰ ਮਾਣ ਕਰਨ ਦੀ ਬਜਾਇ ਇਸ ਨੂੰ ਅਨਪੜ੍ਹਾਂ ਦੀ ਬੋਲੀ ਕਹਿਣ ਲੱਗ ਪਏ ਹਨ। ਜੇ ਯਕੀਨ ਨਹੀਂ ਤਾਂ ਇਸ ਵਾਕਿਆ ਨੂੰ ਸੁਣ ਲਵੋ। ਇਕ ਇਕੱਠ ਵਿਚ ਬੋਲੀ ਦੀ ਮਹੱਤਾ ਬਾਰੇ ਜਦੋਂ ਮੈਂ ਦੱਸਣਾ ਸ਼ੁਰੂ ਕੀਤਾ ਤਾਂ ਪੇਂਡੂ ਤੇ ਸ਼ਹਿਰੀ ਮਾਪੇ ਅਗਾਂਹ ਵਧ ਵਧ ਕੇ ਬੋਲ ਰਹੇ ਸਨ, "ਅੰਗਰੇਜ਼ੀ ਨਾ ਪੜ੍ਹਾ ਕੇ ਕੀ ਬੱਚੇ ਅਨਪੜ੍ਹ ਬਣਾ ਲਈਏ ?" ਹੁਣ ਦੱਸੋ, ਕੀ ਸਿਰਫ਼ ਉਮਰ ਦੇ ਪਹਿਲੇ ਸੱਤ ਜਾਂ ਅੱਠ ਸਾਲ ਬੱਚੇ ਨੂੰ ਮਾਂ-ਬੋਲੀ ਤੇ ਆਪਣੀ ਸੱਭਿਅਤਾ ਵਿਚ ਪਰਪੱਕ ਕਰਨ ਨਾਲ ਤੇ ਅੱਗੋਂ ਭਾਵੇਂ ਜ਼ਿੰਦਗੀ ਭਰ ਅੰਗਰੇਜ਼ੀ ਜਾਂ ਕੋਈ ਵੀ ਹੋਰ ਜ਼ੁਬਾਨ ਪੜ੍ਹਨ ਨਾਲ ਬੱਚੇ ਅਨਪੜ੍ਹ ਬਣ ਜਾਣਗੇ ?

ਅਸ਼ਕੇ ਅੰਗਰੇਜ਼ਾਂ (ਮਕੌਲੇ) ਦੀ ਇਸ ਨੀਤੀ ਦੇ, ਜਿਨ੍ਹਾਂ ਨੇ ਬੋਲੀ ਦੇ ਗੇੜ ਵਿਚ ਪੰਜਾਬੀਆਂ ਨੂੰ ਰੋੜ੍ਹ ਕੇ ਸਦੀਆਂ ਦੀ ਭਾਸ਼ਾਈ ਗ਼ੁਲਾਮੀ ਦੇ ਛੱਡੀ ਹੈ।

ਕੀ ਕੋਈ ਪੰਜਾਬੀ ਮੈਨੂੰ ਇਹ ਦੱਸ ਸਕਦਾ ਹੈ ਕਿ ਪਹਿਲੀਆਂ ਤਿੰਨ ਜਾਂ ਚਾਰ ਜਮਾਤਾਂ ਵਿਚ ਆਪਣੀ ਬੋਲੀ ਨਾ ਪੜ੍ਹਨ ਜਾਂ ਨਾ ਬੋਲਣ ਨਾਲ ਕੀ ਉਹ ਪੰਜਾਬੀ ਦੀ ਥਾਂ ਅੰਗਰੇਜ਼ ਬਣ ਜਾਏਗਾ ?

ਇਹ ਉੱਕਾ ਹੀ ਗ਼ਲਤ ਖ਼ਿਆਲ ਹੈ ਕਿ ਬਾਅਦ ਵਿਚ ਬੱਚਾ ਦੂਜੀ ਜ਼ਬਾਨ ਨਹੀਂ ਸਿੱਖ ਸਕਦਾ। ਖੋਜ ਇਹ ਸਾਬਤ ਕਰ ਚੁੱਕੀ ਹੈ ਕਿ ਦੁਭਾਸ਼ੀ ਜਾਂ ਤਿਭਾਸ਼ੀ ਇਨਸਾਨ ਉਹੀ ਕਾਮਯਾਬ ਹਨ, ਜਿਹੜੇ ਆਪਣੀ ਮਾਂ-ਬੋਲੀ ਵਿਚ ਪਹਿਲਾਂ ਪਰਪੱਕ ਹੁੰਦੇ ਹਨ।

ਅੰਗਰੇਜ਼ੀ ਭਾਸ਼ਾ ਇਸ ਲਈ ਕਾਮਯਾਬ ਹੈ, ਕਿਉਂਕਿ ਹਰ ਅੰਗਰੇਜ਼ ਵਿਗਿਆਨੀ, ਹਰ ਅੰਗਰੇਜ਼ ਸਾਹਿਤਕਾਰ, ਹਰ ਅੰਗਰੇਜ਼ ਲੇਖਕ ਆਪਣੀ ਬੋਲੀ ਨੂੰ ਵਧੀਆ ਸਾਹਿਤ ਨਾਲ ਭਰਪੂਰ ਕਰਨ ਦਾ ਇੱਛੁਕ ਹੈ।

ਜਦ ਕਿ ਹਰ ਪੰਜਾਬੀ ਆਪਣੀ ਬੋਲੀ ਦਾ ਪਿਛੋਕੜ ਜਾਣੇ ਬਗ਼ੈਰ ਆਪਣੇ ਆਪ ਨੂੰ ਨੀਵਾਂ ਮੰਨ ਕੇ ਆਪਣੀ ਬੋਲੀ ਨੂੰ ਦਫ਼ਨ ਕਰਨ ਦੇ ਹੱਕ ਵਿਚ ਹੈ।

ਆਪਣੀ ਸੱਭਿਅਤਾ ਤੇ ਆਪਣੀ ਪਛਾਣ ਨੂੰ ਖ਼ਤਮ ਕਰ ਕੇ ਜਿੱਥੇ ਅਸੀਂ ਆਪਣੀ ਮਾਂ-ਬੋਲੀ ਨਾਲ ਧੱਕਾ ਕਰ ਰਹੇ ਹਾਂ, ਉੱਥੇ ਅਸੀਂ ਪੰਜਾਬੀ ਲੋਕ ਬਿਨਾਂ ਕਾਰਨ ਅੰਗਰੇਜ਼ੀ ਦੇ ਪਿਛਲੱਗ ਬਣਦੇ ਜਾ ਰਹੇ ਹਾਂ।

ਸਾਡੇ ਬੱਚੇ ਅੱਧੇ ਪੰਜਾਬੀ ਤੇ ਅੱਧੇ ਅੰਗਰੇਜ਼ ਬਣ ਕੇ ਆਤਮ-ਵਿਸ਼ਵਾਸ ਭਰਪੂਰ ਨਹੀਂ ਬਣ ਸਕਦੇ। ਆਪਣੀ ਪਛਾਣ ਗੁਆ ਕੇ ਪੰਜਾਬੀ ਮਾਪੇ ਆਪਣੇ ਬੱਚਿਆਂ ਨੂੰ ਕੀ ਬਣਾਉਣਾ ਚਾਹੁੰਦੇ ਹਨ ?

ਕਿਉਂ ਨਹੀਂ ਪੰਜਾਬੀ ਆਪਣੀ ਬੋਲੀ ਨੂੰ ਏਨਾ ਭਰਪੂਰ ਕਰ ਸਕਦੇ ਕਿ ਅੰਗਰੇਜ਼ ਵੀ ਪੰਜਾਬੀ ਸਿੱਖਣ ਨੂੰ ਤਰਜੀਹ ਦੇਣ ਤੇ ਪੰਜਾਬੀਆਂ ਨੂੰ ਇੱਜ਼ਤ ਨਾਲ ਵੇਖਣ ਤਾਂ ਜੋ ਪੰਜਾਬੀਆਂ ਦਾ ਪੂਰੀ ਦੁਨੀਆ ਵਿਚ ਮਾਣ ਨਾਲ ਸਿਰ ਉੱਚਾ ਹੋ ਸਕੇ।

ਮੈਂ ਜ਼ਰੂਰ ਦੱਸਣਾ ਚਾਹਾਂਗੀ ਉਸ ਫ਼ਰਾਂਸੀਸੀ ਵਿਦਵਾਨ ਬਾਰੇ, ਜੋ ਬਾਬਾ ਫ਼ਰੀਦ ਉੱਤੇ ਖੋਜ ਕਰਨ ਪੰਜਾਬ ਆਇਆ ਸੀ।

ਉਹ ਦਿੱਲੀ ਵਿਚ ਸਾਨੂੰ ਹਵਾਈ ਅੱਡੇ 'ਤੇ ਮਿਲਿਆ ਤੇ ਜਹਾਜ਼ ਦੀ ਉਡੀਕ ਕਰਦਿਆਂ ਟੁੱਟੀ ਫੁੱਟੀ ਅੰਗਰੇਜ਼ੀ ਵਿਚ ਗੱਲਬਾਤ ਕਰਨ ਲੱਗ ਪਿਆ। ਕਹਿਣ ਲੱਗਾ, "ਮੈਂ ਬਹੁਤ ਉਮੀਦ ਨਾਲ ਇੱਥੇ ਆਇਆ ਸੀ। ਮੈਂ ਬਾਬਾ ਫ਼ਰੀਦ ਤੋਂ ਪਹਿਲਾਂ ਦੀ ਪੰਜਾਬੀ ਬਾਰੇ ਖੋਜ ਕਰਨ ਆਇਆ ਸੀ। ਪੂਰੇ ਪੰਜਾਬ ਦੀਆਂ ਯੂਨੀਵਰਸਿਟੀਆਂ, ਬਹੁਤ ਸਾਰੇ ਕਾਲਜਾਂ ਤੇ ਸਕੂਲਾਂ ਵਿਚ ਮੈਂ ਘੁੰਮਿਆ ਪਰ ਇਕ ਵੀ ਬੱਚੇ ਨੂੰ ਉਸ ਬਾਰੇ ਪਤਾ ਨਹੀਂ ਸੀ। ਹੋਰ ਤਾਂ ਹੋਰ ਨੱਬੇ ਪ੍ਰਤੀਸ਼ਤ ਉਸਤਾਦਾਂ ਨੂੰ ਵੀ ਪੂਰਾ ਪਤਾ ਨਹੀਂ ਸੀ। ਜਿਨ੍ਹਾਂ ਉਸਤਾਦਾਂ ਨੂੰ ਪਤਾ ਸੀ, ਉਹ ਵੀ ਏਨਾ ਘੱਟ ਕਿ ਉਨ੍ਹਾਂ ਤੋਂ ਵੱਧ ਮੈਨੂੰ ਉਸ ਬਾਰੇ ਪਤਾ ਹੈ। ਮੈਂ ਆਪਣੇ ਇਕ ਵਿਦਿਆਰਥੀ ਨੂੰ ਲਾਲਾ ਕਿਰਪਾ ਸਾਗਰ ਉੱਤੇ ਖੋਜ ਕਰਨ ਦਾ ਕੰਮ ਦਿੱਤਾ ਹੋਇਆ ਹੈ, ਜਿਸ ਨੇ ਮਹਾਰਾਜਾ ਰਣਜੀਤ ਸਿੰਘ ਬਾਰੇ ਲਿਖਿਆ ਹੈ। ਬਾਬਾ ਫ਼ਰੀਦ ਤੋਂ ਪਹਿਲਾਂ ਦੀ ਪੰਜਾਬੀ ਤਾਂ ਕਿਤੇ ਰਹੀ, ਲੋਕ ਬਾਬਾ ਫ਼ਰੀਦ ਬਾਰੇ ਹੀ ਪੂਰੀ ਤਰ੍ਹਾਂ ਨਹੀਂ ਜਾਣਦੇ ਤਾਂ ਲਾਲਾ ਕਿਰਪਾ ਸਾਗਰ ਬਾਰੇ ਕੀ ਜਾਣਦੇ ਹੋਣਗੇ ? ਤੁਹਾਡੇ ਪੰਜਾਬ ਦੇ ਸਕੂਲਾਂ ਦੇ ਬੱਚਿਆਂ ਵਿਚ ਤਾਂ ਬਹੁਤਿਆਂ ਨੂੰ ਆਪਣੇ ਗੁਰੂਆਂ ਦੇ ਨਾਂ ਵੀ ਨਹੀਂ ਪਤਾ। ਤੁਹਾਡੇ ਧਰਮ ਦਾ ਪਿਛੋਕੜ ਏਨਾ ਤਾਜ਼ਾ ਹੈ, ਫਿਰ ਵੀ ਇਸ ਬਾਰੇ ਪੂਰਾ ਗਿਆਨ ਬੜੇ ਘੱਟ ਲੋਕਾਂ ਨੂੰ ਹੈ।

"ਮੇਰੀ ਚਮੜੀ ਵੇਖ ਕੇ ਪਿੰਡਾਂ ਵਿਚਲੇ ਬਹੁਤੇ ਬੱਚੇ ਮੇਰੇ ਵੱਲ ਭੱਜੇ ਆਉਂਦੇ

ਸਨ ਤੇ ਆਉਂਦੇ ਸਾਰ ਮੈਨੂੰ 'ਹੈਲੋ' ਕਹਿੰਦੇ ਸਨ। ਕਮਾਲ ਦੀ ਗੱਲ ਹੈ ਕਿ ਕਿਸੇ ਬੱਚੇ ਨੇ ਮੈਨੂੰ ਹੱਥ ਜੋੜ ਕੇ 'ਸਤਿ ਸ੍ਰੀ ਅਕਾਲ' ਨਹੀਂ ਆਖੀ। ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਤੁਸੀਂ ਸਭ ਆਪਣੀ ਸੱਭਿਅਤਾ ਛੱਡ ਰਹੇ ਹੋ। ਇਸ ਤਰ੍ਹਾਂ ਪੂਰੀ ਦੁਨੀਆ ਵਿਚ ਤੁਸੀਂ ਅਣਗੌਲੇ ਰਹਿ ਜਾਵੋਗੇ। ਤੁਸੀਂ ਆਪਣੀ ਪਛਾਣ ਛੱਡੀ ਨਹੀਂ ਕਿ ਦੁਨੀਆ ਭਰ ਦੇ ਲੋਕ ਤੁਹਾਨੂੰ ਛੱਡ ਦੇਣਗੇ।"

ਏਨੀ ਦੇਰ ਨੂੰ ਹੀ ਇਕ ਹੋਰ ਪੰਜਾਬੀ ਡਾਕਟਰ ਦਾ ਟੱਬਰ ਉੱਥੇ ਪਹੁੰਚ ਗਿਆ। ਉਹ ਵੀ ਸਾਡੇ ਕੋਲ ਹੀ ਆ ਕੇ ਖੜੇ ਹੋ ਗਏ। ਮੈਂ ਉਨ੍ਹਾਂ ਨੂੰ ਕਿਹਾ, "ਜਹਾਜ਼ ਇਕ ਘੰਟਾ ਪਚਵੰਜਾ ਮਿੰਟ ਲੇਟ ਹੈ।" ਉਨ੍ਹਾਂ ਦੀ ਬੇਟੀ ਜੋ ਸੱਤਵੀਂ ਜਮਾਤ ਵਿਚ ਪੜ੍ਹਦੀ ਸੀ, ਇਕਦਮ ਬੋਲੀ, "ਮੰਮੀ, ਪਚਵੰਜਾ ਕੀ ਹੁੰਦੈ ?"

ਉਹ ਫ਼ਰਾਂਸੀਸੀ ਮੇਰੇ ਵੱਲ ਵੇਖ ਕੇ ਬੋਲਿਆ, "ਮੈਡਮ, ਏਨੀ ਕੁ ਪੰਜਾਬੀ ਤਾਂ ਮੈਂ ਪਹਿਲਾਂ ਹੀ ਸਿੱਖ ਕੇ ਆਇਆਂ। ਅੱਜ ਮੈਨੂੰ ਧੱਕਾ ਲੱਗਿਆ ਹੈ। ਤੁਹਾਡੇ ਬੱਚੇ ਤੁਹਾਡੀ ਬੋਲੀ ਤੋਂ ਪੂਰੀ ਤਰ੍ਹਾਂ ਟੁੱਟ ਰਹੇ ਹਨ। ਤੁਹਾਡੇ ਵਿੱਚੋਂ ਕੋਈ ਵੀ ਫ਼ਿਕਰਮੰਦ ਨਹੀਂ। ਮੈਂ ਸ਼ਾਇਦ ਹੁਣ ਦੁਬਾਰਾ ਪੰਜਾਬ ਕਦੇ ਨਾ ਆਵਾਂ, ਪਰ ਏਨਾ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਮੇਰੇ ਪੜਪੋਤਰੇ ਵੇਲੇ ਤਕ ਅੱਧੀ ਪੰਜਾਬੀ ਸੱਭਿਅਤਾ ਦਾ ਖ਼ਾਤਮਾ ਜ਼ਰੂਰ ਹੋ ਚੁੱਕਿਆ ਹੋਵੇਗਾ ਤੇ ਰਹਿੰਦੀ ਦੁਨੀਆ ਤੁਹਾਡਾ ਗਿੱਧਾ ਤੇ ਭੰਗੜਾ ਪਿਛਲੀਆਂ ਰਿਕਾਰਡ ਕੀਤੀਆਂ ਕੈਸਟਾਂ ਵਿਚ ਹੀ ਵੇਖ ਸਕੇਗੀ।"

ਕੀ ਕਿਸੇ ਹੁਕਮਰਾਨ ਤਕ ਇਹ ਆਵਾਜ਼ ਪਹੁੰਚੀ ਹੈ ਜਾਂ ਕਿਸੇ ਪੰਜਾਬੀ ਦੀ ਜ਼ਮੀਰ ਇਸ ਨਾਲ ਕੰਬੀ ਹੈ ?

ਅਸੀਂ ਆਪਣੀ ਮਾਂ-ਬੋਲੀ ਦਾ ਘੇਰਾ ਸੀਮਿਤ ਕਰ ਕੇ ਹੌਲੀ ਹੌਲੀ ਉਸ ਨੂੰ ਚਾਰ-ਦੀਵਾਰੀ ਅੰਦਰ ਬੰਦ ਕਰ ਕੇ ਰੱਖ ਰਹੇ ਹਾਂ।

ਚਾਰ-ਦੀਵਾਰੀ ਵਿਚ ਵੀ ਆਪਣੇ ਬੱਚੇ ਨੂੰ ਬਿਜਲੀ ਦੀ ਥਾਂ 'ਲਾਈਟ' ਕਹਿਣ ਲਈ ਪ੍ਰੇਰਦੇ ਹਾਂ।

ਆਪਣੀ ਬੋਲੀ ਤੇ ਆਪਣੀ ਸੱਭਿਅਤਾ ਵਿਚ ਪਰਪੱਕ ਹੋਣ ਤੋਂ ਬਾਅਦ ਜੇ ਕੋਈ ਪੰਜਾਬੀ ਅਮਰੀਕਾ, ਇੰਗਲੈਂਡ ਜਾਂ ਕੈਨੇਡਾ ਵਿਚ ਉੱਚੇ ਅਹੁਦੇ 'ਤੇ ਆਪਣੀ ਮਿਹਨਤ ਨਾਲ ਪਹੁੰਚਦਾ ਹੈ ਤਾਂ ਸਾਰੇ ਉਸ ਨੂੰ ਇੱਜ਼ਤ ਦੀ ਨਜ਼ਰ ਨਾਲ ਵੇਖਦੇ ਹਨ ਤੇ ਉਸ ਇਕ ਇਨਸਾਨ ਕਾਰਨ ਪੂਰੇ ਪੰਜਾਬੀਆਂ ਦਾ ਨਾਂ ਰੌਸ਼ਨ ਹੁੰਦਾ ਹੈ ਨਾ ਕਿ ਅਮਰੀਕਨਾਂ ਦਾ। ਯਾਨੀ ਆਪਣੇ ਪਿਛੋਕੜ ਨਾਲ ਬੰਦੇ ਦੀਆਂ ਜੜ੍ਹਾਂ ਤੋੜਨ 'ਤੇ ਵੀ ਟੁੱਟਦੀਆਂ ਨਹੀਂ।

ਜੇ ਅਜਿਹਾ ਬੰਦਾ ਆਪਣੀ ਪਛਾਣ ਛੱਡ ਦੇਵੇਗਾ ਤਾਂ ਕਿਸੇ ਜੋਗਾ ਵੀ ਨਹੀਂ ਰਹਿ ਸਕਦਾ। ਉਹ ਵੀ ਭੀੜ ਵਿਚਲਾ ਇਕ ਬੰਦਾ ਹੀ ਬਣ ਕੇ ਰਹਿ ਜਾਵੇਗਾ।

ਆਪਣੀ ਬੋਲੀ ਤੇ ਆਪਣੀ ਸੱਭਿਅਤਾ ਨਾਲ ਮੋਹ ਤਿਆਗ ਕੇ ਪੰਜਾਬੀ ਵੀ

ਇਕ ਵੱਡੀ ਭੀੜ ਵਿਚ ਗੁੰਮ ਹੋ ਜਾਣ ਲਈ ਤਿਆਰ ਹੋ ਰਹੇ ਹਨ। ਜੇ ਕਿਸੇ ਪੰਜਾਬੀ ਦੀ ਜ਼ਮੀਰ ਹਲੂਣੀ ਗਈ ਹੋਵੇ ਤਾਂ ਹੁਣ ਵੀ ਵੇਲਾ ਹੈ ਜਾਗਣ ਦਾ ਤੇ ਆਪਣੀ ਬੋਲੀ ਪ੍ਰਤਿ ਧ੍ਰੋਹ ਦਾ, ਖ਼ਾਤਮਾ ਕਰਨ ਦਾ।

ਆਓ, ਰਲ ਕੇ ਹੰਭਲਾ ਮਾਰੀਏ ਤੇ ਆਪਣੀ ਬੋਲੀ ਤੇ ਆਪਣੀ ਸੱਭਿਅਤਾ ਉੱਤੇ ਫ਼ਖ਼ਰ ਕਰੀਏ, ਆਪਣੇ ਬੱਚਿਆਂ ਨੂੰ ਪੰਜਾਬੀ ਅਤੇ ਪੰਜਾਬੀਅਤ ਉੱਤੇ ਮਾਣ ਕਰਨਾ ਸਿਖਾਈਏ ਤੇ ਆਪਣੀ ਬੋਲੀ ਨੂੰ ਵਧੀਆ ਸਾਹਿਤ ਨਾਲ ਭਰਪੂਰ ਕਰੀਏ।

ਆਓ, ਪੰਜਾਬੀ ਜ਼ੁਬਾਨ ਦੀ ਇਬਾਦਤ ਕਰਨੀ ਸਿੱਖੀਏ ਤਾਂ ਜੋ ਦੂਸਰੀ ਸੱਭਿਅਤਾ ਦੇ ਲੋਕ ਵੀ ਇਸ ਬੋਲੀ ਨੂੰ ਸਿੱਖਣ ਦੇ ਚਾਹਵਾਨ ਹੋਣ ਤੇ ਸਾਡੀ ਬੋਲੀ ਦਾ ਘੇਰਾ ਫੇਰ ਵਧਣ ਲੱਗ ਪਵੇ।

ਸਾਡੇ ਬੱਚੇ ਜੇ ਤੀਜੀ ਜਮਾਤ ਤੋਂ ਬਾਅਦ ਦੋ ਜਾਂ ਤਿੰਨ ਭਾਸ਼ਾਵਾਂ ਵੀ ਸਿੱਖਦੇ ਹਨ ਤਾਂ ਬਹੁਤ ਵਧੀਆ ਗੱਲ ਹੈ। ਪਰ ਸੋਚੋ ਜੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਂ ਹੋਰ ਧਾਰਮਿਕ ਗ੍ਰੰਥਾਂ ਦਾ ਅਰਥ ਸਮਝਣ ਲਈ ਪੰਜਾਬੀ ਦੀ ਥਾਂ ਅੰਗਰੇਜ਼ੀ ਵਿਚ ਕੀਤੇ ਤਰਜਮੇ ਨੂੰ ਪੜ੍ਹਦੇ ਹਨ ਤਾਂ ਕੀ ਇਹ ਠੀਕ ਹੈ ? ਆਪਣੇ ਪਿਛੋਕੜ ਬਾਰੇ ਕੀ ਅਸੀਂ ਦੂਜਿਆਂ ਦੀ ਭਾਸ਼ਾ ਰਾਹੀਂ ਸਿੱਖਣਾ ਚਾਹ ਰਹੇ ਹਾਂ ?

ਕਾਸ਼ ! ਜਾਗੇ ਕੋਈ ਊਧਮ ਸਿੰਘ ਵਰਗਾ ਵੀਰ ਤੇ ਆਪਣੀ ਮਾਂ-ਬੋਲੀ ਦੇ ਪ੍ਰੇਮ ਦੀ ਗੋਲੀ ਹਰ ਪੰਜਾਬੀ ਦੇ ਸੀਨੇ ਵਿਚ ਦਾਗ ਦੇਵੇ।

ਕੋਈ ਤਾਂ ਨਿਤਰੇ ਜਿਹੜਾ ਪੰਜਾਬੀ ਬੱਚਿਆਂ ਨੂੰ ਪੰਜਾਬ ਦੇ ਵਿਚ ਇਹ ਦੱਸ ਸਕੇ ਕਿ ਪਚਵੰਜਾ ਕੀ ਹੁੰਦਾ ਹੈ ?

•

5

ਨੀ ਜ਼ਬਾਨ ਪੰਜਾਬੀਏ : ਤੇਰੇ ਪੁੱਤਾਂ ਤੇਰੀ ਕਬਰ ਵਿਛਾਈ ਵੇ !

ਜਦੋਂ ਮੈਂ ਸੱਤਵੀਂ ਜਮਾਤ ਵਿਚ ਪੜ੍ਹਦੀ ਸੀ ਤਾਂ ਸਾਡੇ ਸਕੂਲ ਦੀ ਪ੍ਰਿੰਸੀਪਲ ਸਵੇਰ ਦੀ ਪ੍ਰਾਰਥਨਾ ਤੋਂ ਬਾਅਦ ਦਸ ਮਿੰਟ ਬਾਈਬਲ ਜ਼ਰੂਰ ਪੜ੍ਹਾਉਂਦੀ ਹੁੰਦੀ ਸੀ। ਇਕ ਦਿਨ ਉਨ੍ਹਾਂ ਕਹਾਣੀ ਸੁਣਾਈ 'ਟਾਵਰ ਔਫ਼ ਬੈਬਲ' ਦੀ। ਮੈਡਮ ਕਹਿਣ ਲੱਗੀ, "ਇਰਾਕ ਵਿਚ ਕੁੱਝ ਲੋਕ ਰੱਬ ਤਕ ਪਹੁੰਚਣ ਦੀ ਕੋਸ਼ਿਸ਼ ਕਰਨਾ ਚਾਹੁੰਦੇ ਸਨ। ਇਸੇ ਲਈ ਉਨ੍ਹਾਂ ਬਹੁਤ ਉੱਚੀ ਮੀਨਾਰ ਬਣਾਉਣ ਦੀ ਕੋਸ਼ਿਸ਼ ਕੀਤੀ। ਜਦੋਂ ਉਹ ਮੀਨਾਰ ਅਸਮਾਨ ਨੂੰ ਛੂੰਹਦੀ ਮਹਿਸੂਸ ਹੋਣ ਲੱਗੀ ਤਾਂ ਰੱਬ ਨੂੰ ਫ਼ਿਕਰ ਪੈ ਗਿਆ ਕਿ ਹੁਣ ਕੋਈ ਤਰਕੀਬ ਵਰਤਣੀ ਚਾਹੀਦੀ ਹੈ।

"ਕਾਫ਼ੀ ਸੋਚ ਵਿਚਾਰ ਤੋਂ ਬਾਅਦ ਰੱਬ ਨੂੰ ਇਕ ਤਰਕੀਬ ਲੱਭੀ, ਜਿਸ ਨਾਲ ਕਿਸੇ ਦਾ ਕੋਈ ਨੁਕਸਾਨ ਨਹੀਂ ਸੀ ਹੋਣਾ। ਉਸ ਨੇ ਜਾਦੂ ਨਾਲ ਰਾਤੋ ਰਾਤ ਸਭ ਕੰਮ 'ਤੇ ਲੱਗੇ ਬੰਦਿਆਂ ਦੀਆਂ ਬੋਲੀਆਂ ਬਦਲ ਦਿੱਤੀਆਂ। ਨਤੀਜੇ ਵਜੋਂ ਸਵੇਰੇ ਕੰਮ 'ਤੇ ਪਹੁੰਚੇ ਬੰਦਿਆਂ ਦੀ ਹਾਲਤ ਇਹ ਹੋ ਗਈ ਕਿ ਜਦੋਂ ਗਾਰਾ ਮੰਗਿਆ ਜਾਂਦਾ ਤਾਂ ਫੜਾਉਣ ਵਾਲਾ ਪੱਥਰ ਫੜਾ ਦਿੰਦਾ। ਇਕ ਦੂਜੇ ਦੀ ਬੋਲੀ ਦੀ ਸਮਝ ਨਾ ਆਉਣ ਕਰਕੇ ਪਹਿਲਾਂ ਉਹ ਗ਼ੁੱਸੇ ਹੋਣ ਲੱਗ ਪਏ ਤੇ ਫੇਰ ਲੜਾਈ ਕਰਨ ਲੱਗ ਪਏ। ਸੋ ਮੀਨਾਰ ਦਾ ਕੰਮ ਰੁਕ ਗਿਆ, ਪਰ ਸੰਸਾਰ ਵਿਚ ਅਲੱਗ ਅਲੱਗ ਕਿਸਮ ਦੀਆਂ ਬੋਲੀਆਂ ਹੋਂਦ ਵਿਚ ਆ ਗਈਆਂ।"

ਪੜ੍ਹਾਉਣ ਤੋਂ ਬਾਅਦ ਮੈਡਮ ਕਹਿਣ ਲੱਗੇ, "ਤੁਸੀਂ ਬੋਲੋ ਮੈਂ ਸਮਝ ਜਾਂਦੀ ਹਾਂ। ਮੈਂ ਬੋਲਾਂ ਤਾਂ ਤੁਸੀਂ ਸਮਝ ਜਾਂਦੇ ਹੋ। ਪਰ ਇਕ ਭਾਸ਼ਾ ਹੈ, ਜੋ ਬਿਨਾਂ ਬੋਲਿਆਂ ਸਮਝ ਆ ਜਾਂਦੀ ਹੈ, ਤੇ ਉਹ ਹੈ ਪਿਆਰ ਦੀ। ਹੁਣ ਤੁਸੀਂ ਸਮਝ ਹੀ ਚੁੱਕੇ ਹੋਵੋਗੇ ਕਿ ਜਦੋਂ ਵੀ ਇਕ ਦੂਜੇ ਦੀ ਭਾਸ਼ਾ ਸਮਝ ਨਾ ਆ ਰਹੀ ਹੋਵੇ ਤਾਂ ਲੜਾਈ ਕਰਨ ਦੀ ਬਜਾਇ ਪਿਆਰ ਅਤੇ ਮਿਲਵਰਤਨ ਰੱਖੋ ਤਾਂ ਰੱਬ 'ਤੇ ਵੀ ਜਿੱਤ ਪ੍ਰਾਪਤ ਕਰ ਸਕਦੇ ਹੋ।"

ਇਸ ਕਹਾਣੀ ਵਿਚਲਾ ਬੋਲੀ ਬਾਰੇ ਗੂੜ੍ਹ ਗਿਆਨ ਮੈਨੂੰ ਓਦੋਂ ਉੱਕਾ ਹੀ ਸਮਝ ਨਹੀਂ ਸੀ ਆਇਆ। ਫਿਰ ਇਸਲਾਮ ਦੀ ਨੀਂਹ ਪੱਕਿਆਂ ਕਰਨ ਵਾਲਾ ਹਜ਼ਰਤ ਮੁਹੰਮਦ ਦਾ ਇਤਿਹਾਸ ਪੜ੍ਹਿਆ। ਲਿਖਿਆ ਸੀ ਕਿ ਕਿਵੇਂ ਉਨ੍ਹਾਂ ਨੂੰ ਮੰਨਣ ਵਾਲੇ ਈਰਾਨ

ਤੇ ਯੂਨਾਨ ਵਰਗੀਆਂ ਭਾਰੀਆਂ ਤਹਿਜ਼ੀਬਾਂ 'ਤੇ ਵੀ ਛਾ ਗਏ ਸਨ। ਡੇਢ ਸੌ ਸਾਲ ਦੇ ਅੰਦਰ ਅੰਦਰ ਈਰਾਨ, ਚੀਨ, ਹਿੰਦੁਸਤਾਨ, ਮੱਧ ਏਸ਼ੀਆ, ਸਪੇਨ, ਅਫ਼ਰੀਕਾ ਤੇ ਫ਼ਰਾਂਸ ਦੇ ਬਾਰਡਰ ਤਕ ਫ਼ਤਹਿ ਪ੍ਰਾਪਤ ਕਰਨ ਤੋਂ ਬਾਅਦ ਹਜ਼ਰਤ ਉਮਰ ਨੂੰ ਪੁੱਛਿਆ ਗਿਆ ਕਿ ਫ਼ਤਹਿ ਕੀਤੇ ਸ਼ਹਿਰਾਂ ਦੀ ਬੋਲੀ ਵੱਖਰੀ ਹੈ ਤਾਂ ਕੀ ਇੱਥੇ ਅਰਬੀ ਜਾਰੀ ਕਰ ਦੇਣੀ ਚਾਹੀਦੀ ਹੈ ? ਜਵਾਬ ਵਿਚ ਉਨ੍ਹਾਂ ਕਿਹਾ, "ਬੋਲੀ ਤਾਂ ਅਪਣਾਓ ਪਰ ਲਿਪੀ ਆਪਣੀ ਜਾਰੀ ਕਰ ਦਿਓ।" ਨਤੀਜੇ ਵਜੋਂ ਇਨ੍ਹਾਂ ਮੁਲਕਾਂ ਦੀ ਆਪਣੀ ਪਿਛਲੀ ਤਹਿਜ਼ੀਬ ਨਾਲ ਲਿਪੀ ਬਦਲਣ ਕਾਰਨ ਨਾਤਾ ਟੁੱਟ ਗਿਆ।

ਇਸ ਇਤਿਹਾਸ ਵਿੱਚੋਂ ਏਨਾ ਕੁ ਨਿਚੋੜ ਤਾਂ ਮੈਨੂੰ ਸਮਝ ਲੱਗ ਗਿਆ ਕਿ ਆਪਣੀ ਤਹਿਜ਼ੀਬ ਨਾਲੋਂ ਨਾਤਾ ਤੋੜਨ ਵਿਚ ਮਾਂ-ਬੋਲੀ ਤੋਂ ਟੁੱਟਣਾ ਹੀ ਬਥੇਰਾ ਹੁੰਦਾ ਹੈ।

ਫਿਰ ਮੈਨੂੰ ਬੱਚੇ ਦੀ ਮਾਨਸਿਕਤਾ ਬਾਰੇ ਪੜ੍ਹਨ ਦਾ ਮੌਕਾ ਮਿਲਿਆ। ਮਾਂ-ਬੋਲੀ ਦਾ ਬੱਚੇ ਦੇ ਵਧਦੇ ਦਿਮਾਗ਼ ਉੱਤੇ ਪੈਂਦੇ ਅਸਰ ਬਾਰੇ ਕੀਤੀਆਂ ਅਨੇਕ ਖੋਜਾਂ ਪੜ੍ਹਨ ਦਾ ਵੀ ਮੌਕਾ ਮਿਲਿਆ। ਇਨ੍ਹਾਂ ਸਾਰੀਆਂ ਚੀਜ਼ਾਂ ਨੇ ਵੀ ਮੈਨੂੰ ਏਨਾ ਵਿਚਲਿਤ ਨਹੀਂ ਸੀ ਕੀਤਾ, ਜਿੰਨਾ ਕਿ ਭਾਸ਼ਾ-ਵਿਗਿਆਨੀਆਂ ਵੱਲੋਂ ਕੀਤੀ ਖੋਜ ਦਾ ਸਿੱਟਾ ਪੜ੍ਹ ਕੇ ਮੈਂ ਹੋ ਗਈ।

ਭਾਸ਼ਾ-ਵਿਗਿਆਨੀਆਂ ਨੇ ਅਮਰੀਕਾ, ਅਫ਼ਰੀਕਾ, ਆਸਟ੍ਰੇਲੀਆ ਤੇ ਏਸ਼ੀਆ ਵਿਚਲੀਆਂ ਕੁੱਝ ਭਾਸ਼ਾਵਾਂ ਦੀ ਮੌਤ ਦਾ ਐਲਾਨ ਕਰ ਦਿੱਤਾ ਹੈ ਤੇ ਕਾਫ਼ੀ ਹੋਰ ਭਾਸ਼ਾਵਾਂ ਦੇ ਦਰਦਨਾਕ ਅੰਤ ਬਾਰੇ ਆਗਾਹ ਵੀ ਕਰ ਦਿੱਤਾ ਹੈ।

1992 ਵਿਚ 'ਕਰੌਸ' ਨੇ ਆਪਣੀ ਖੋਜ ਦੇ ਆਧਾਰ 'ਤੇ ਇਹ ਦੱਸਿਆ ਕਿ 6,800 ਦੇ ਕਰੀਬ ਭਾਸ਼ਾਵਾਂ ਦੁਨੀਆ ਭਰ ਵਿਚ ਐਸ ਵੇਲੇ ਬੋਲੀਆਂ ਜਾ ਰਹੀਆਂ ਹਨ, ਪਰ ਇਨ੍ਹਾਂ ਵਿੱਚੋਂ ਲਗਭਗ ਅੱਧੀਆਂ (ਪੰਜਾਹ ਪ੍ਰਤੀਸ਼ਤ) ਐਸੀਆਂ ਹਨ, ਜਿਹੜੀਆਂ ਖ਼ਤਮ ਹੋਣ ਦੇ ਕਿਨਾਰੇ ਹਨ। ਉਸ ਖੋਜੀ ਨੇ ਇਹ ਵੀ ਦੱਸਿਆ ਕਿ ਇਹ ਖ਼ਾਤਮਾ ਏਨੀ ਤੇਜ਼ੀ ਨਾਲ ਹੋ ਰਿਹਾ ਹੈ ਕਿ ਅੰਦਾਜ਼ਨ ਹਰ ਪੰਦਰੀਂ ਦਿਨੀਂ ਇਕ ਬੋਲੀ ਖ਼ਤਮ ਹੋਈ ਜਾ ਰਹੀ ਹੈ। ਇਸ ਖੋਜ ਦਾ ਜਿਹੜਾ ਸਭ ਤੋਂ ਖ਼ਤਰਨਾਕ ਹਿੱਸਾ ਸੀ, ਉਹ ਸੀ 'ਕਰੌਸ' ਦਾ ਇਹ ਕਹਿਣਾ ਕਿ ਚਾਲ੍ਹੀ ਪ੍ਰਤੀਸ਼ਤ ਹੋਰ ਬੋਲੀਆਂ ਅਗਲੇ ਪੰਜਾਹ ਸਾਲਾਂ ਵਿਚ ਖ਼ਤਮ ਹੋ ਜਾਣਗੀਆਂ। ਇਸ ਦਾ ਮਤਲਬ ਇਹ ਨਿਕਲਦਾ ਹੈ ਕਿ ਸੰਸਾਰ ਵਿਚ ਬੋਲੀਆਂ ਜਾ ਰਹੀਆਂ ਪੰਜਾਹ ਜਮ੍ਹਾਂ ਚਾਲ੍ਹੀ ਯਾਨੀ ਨੱਬੇ ਪ੍ਰਤੀਸ਼ਤ ਬੋਲੀਆਂ ਖ਼ਤਮ ਹੋਣ ਦੇ ਕਿਨਾਰੇ ਹਨ। ਇਹ ਤਾਂ ਸਪਸ਼ਟ ਹੋ ਹੀ ਗਿਆ ਕਿ ਅਸੀਂ ਸਿਰਫ਼ ਛੇ ਸੌ ਬੋਲੀਆਂ (ਯਾਨੀ ਦਸ ਪ੍ਰਤੀਸ਼ਤ) ਦੇ ਸਹਾਰੇ ਹੀ ਇਕ ਦੂਜੇ ਨਾਲ ਵਾਬਸਤਾ ਰੱਖ ਸਕਾਂਗੇ।

ਇਸ ਖੋਜ ਦੇ ਨਤੀਜੇ ਤੋਂ ਦੁਨੀਆ ਭਰ ਵਿਚ ਹਲਚਲ ਮਚ ਗਈ ਤੇ ਹੋਰ

ਵੀ ਭਾਸ਼ਾ-ਵਿਗਿਆਨੀ ਇਸੇ ਖੋਜ ਵਿਚ ਰੁੱਝ ਗਏ। ਇਹੀ ਸਿੱਟਾ ਹੁਣ ਸਭ ਦੇ ਸਾਹਮਣੇ ਸੀ।

ਦਰਅਸਲ 1492 ਵਿਚ ਹੀ ਅਮਰੀਕਾ ਵਿਚ ਬੋਲੀਆਂ ਜਾ ਰਹੀਆਂ ਜ਼ਬਾਨਾਂ ਵਿੱਚੋਂ ਸੈਂਕੜੇ ਖ਼ਤਮ ਹੋਣ ਦੇ ਨੇੜੇ ਸਨ ਤੇ ਅੱਜ ਦੀ ਤਰੀਕ ਵਿਚ ਉਹ ਸਾਰੀਆਂ ਬੋਲੀਆਂ ਆਪਣੀ ਸੱਭਿਅਤਾ ਦੇ ਹਰ ਇਕ ਅੰਸ਼ ਸਮੇਤ ਲੋਪ ਹੋ ਚੁੱਕੀਆਂ ਹਨ। ਜਿਹੜੀਆਂ ਵੀ ਜ਼ਬਾਨਾਂ ਵੀਹਵੀਂ ਸਦੀ ਤਕ ਘਿਸਰਦੀਆਂ ਪਹੁੰਚੀਆਂ, ਉਨ੍ਹਾਂ ਵਿੱਚੋਂ ਬਹੁਤੀਆਂ ਦੀਆਂ ਲਿਪੀਆਂ ਬਦਲ ਚੁੱਕੀਆਂ ਸਨ ਤੇ ਕੁੱਝ ਕੁ ਨੇ ਆਖ਼ਰੀ ਸਾਹ ਵੀਹਵੀਂ ਸਦੀ ਵਿਚ ਲੈ ਵੀ ਲਏ। ਜਿਵੇਂ ਵਿਸਕੌਨਸਿਨ ਵਿਚ ਮੋਹੀਕਨ, ਕੈਰੋਲੀਨਾ ਵਿਚ ਕੋਟਾਬਾ, ਕੈਲੀਫ਼ੋਰਨੀਆ ਵਿਚ ਯਾਹੀ, ਮੈੱਸੇਚੈੱਟਸ ਵਿਚ ਮਸ਼ਪੀ, ਆਦਿ।

1995 ਵਿਚ 'ਕਰੌਸ' ਨੇ ਅਮਰੀਕਾ ਵਿਚ ਅੰਗਰੇਜ਼ੀ ਤੋਂ ਸਿਵਾ ਬੋਲੀਆਂ ਜਾ ਰਹੀਆਂ ਅਲੱਗ ਅਲੱਗ ਭਾਸ਼ਾਵਾਂ ਉੱਤੇ ਕੀਤੀ ਖੋਜ ਦਾ ਸਿੱਟਾ ਫਿਰ ਸਾਰੀ ਦੁਨੀਆ ਸਾਹਮਣੇ ਰੱਖ ਦਿੱਤਾ। ਉਸ ਵੇਲੇ ਦੀਆਂ 175 ਜ਼ਬਾਨਾਂ ਵਿੱਚੋਂ 155 ਬੋਲੀਆਂ ਖ਼ਾਤਮੇ ਵੱਲ ਤੁਰ ਪਈਆਂ ਸਨ, ਯਾਨੀ 89 ਪ੍ਰਤੀਸ਼ਤ ਜ਼ਬਾਨਾਂ ਦਾ ਖ਼ਾਤਮਾ ਤੇ ਏਨੀਆਂ ਹੀ ਸੱਭਿਆਤਾਵਾਂ ਦਾ ਅੰਤ। ਓਕਲਾਹੋਮਾ ਵਿਚਲੀਆਂ ਬੋਲੀਆਂ ਜਾ ਰਹੀਆਂ ਜ਼ਬਾਨਾਂ ਵਿੱਚੋਂ ਸਿਰਫ਼ ਦੋ ਜ਼ਬਾਨਾਂ ਹੀ ਬਚ ਸਕੀਆਂ ਹਨ, ਜਿਹੜੀਆਂ ਬੱਚੇ ਬੋਲ ਰਹੇ ਹਨ, ਜਦ ਕਿ ਕੈਲੀਫ਼ੋਰਨੀਆ ਵਿਚਲੀਆਂ ਪੰਜਾਹ ਅਲੱਗ ਅਲੱਗ ਜ਼ਬਾਨਾਂ ਦੀ ਕਬਰ ਖੁਦ ਚੁੱਕੀ ਹੈ। ਵਾਸ਼ਿੰਗਟਨ ਵਿਚਲੇ ਅਲੱਗ ਅਲੱਗ ਮੁਲਕਾਂ ਤੋਂ ਆ ਕੇ ਵੱਸੇ ਲੋਕਾਂ ਵਿਚਲੀਆਂ ਸੋਲ੍ਹਾਂ ਹਿੰਦੁਸਤਾਨੀ ਭਾਸ਼ਾਵਾਂ ਵੀ ਮੁਕੰਮਲ ਤੌਰ 'ਤੇ ਨਸ਼ਟ ਹੋਣ ਲੱਗੀਆਂ ਹਨ। ਅਲਾਸਕਾ ਵਿਚਲੀਆਂ ਵੀਹ ਜ਼ਬਾਨਾਂ ਵਿੱਚੋਂ ਵੀ ਅਗਲੀ ਪੁਸ਼ਤ ਤਕ ਪਹੁੰਚਣ ਵਾਲੀ ਜ਼ਬਾਨ ਸਿਰਫ਼ ਅੰਗਰੇਜ਼ੀ ਹੀ ਬਚੀ ਹੈ।

1995 ਵਿਚ ਹੀ ਕਰੌਸ ਨੇ ਹੋਰ ਭਾਸ਼ਾ-ਵਿਗਿਆਨੀਆਂ ਨਾਲ ਰਲ ਕੇ ਬਚੀਆਂ ਜ਼ਬਾਨਾਂ ਬਾਰੇ ਵੀ ਆਪਣਾ ਅੰਤਿਮ ਸਿੱਟਾ ਦੁਨੀਆ ਦੇ ਸਾਹਮਣੇ ਰੱਖ ਦਿੱਤਾ ਕਿ ਅਮਰੀਕਾ ਵਿਚਲੀਆਂ ਚਾਲੂ ਜ਼ਬਾਨਾਂ ਵਿੱਚੋਂ 45 ਤਾਂ ਸੰਨ 2000 ਵਿਚ ਖ਼ਤਮ ਹੋ ਜਾਣਗੀਆਂ, 125 ਜ਼ਬਾਨਾਂ ਸੰਨ 2025 ਵਿਚ ਤੇ 155 ਜ਼ਬਾਨਾਂ 2050 ਸੰਨ ਵਿਚ ਖ਼ਤਮ ਹੋ ਜਾਣਗੀਆਂ। ਜਿਹੜੀਆਂ 20 ਜ਼ਬਾਨਾਂ ਬਚਣਗੀਆਂ, ਉਹ ਅਗਲੇ ਦਸ ਕੁ ਸਾਲਾਂ ਵਿਚ ਦਫ਼ਨ ਹੋ ਜਾਣਗੀਆਂ।

ਇਸ ਸਿੱਟੇ ਦੇ ਨਾਲ ਨਾਲ ਸਾਰੇ ਭਾਸ਼ਾ-ਵਿਗਿਆਨੀਆਂ ਨੇ ਕਿਸੇ ਵੀ ਜ਼ਬਾਨ 'ਤੇ ਉਸ ਨਾਲ ਜੁੜੇ ਸੱਭਿਆਚਾਰ ਦੇ ਖ਼ਾਤਮੇ ਦੇ ਕਾਰਨ ਵੀ ਸਪਸ਼ਟ ਕਰ ਦਿੱਤੇ।

ਸਭ ਤੋਂ ਵੱਡਾ ਕਾਰਨ ਸੀ ਬੱਚਿਆਂ ਤਕ ਉਸ ਜ਼ਬਾਨ ਦਾ ਨਾ ਪਹੁੰਚਣਾ। ਜਦੋਂ ਵੀ ਮਾਪੇ ਕਿਸੇ ਦੂਸਰੀ ਜ਼ਬਾਨ ਨੂੰ ਅਪਣਾ ਲੈਂਦੇ ਹਨ ਤੇ ਆਪਣੇ ਬੱਚਿਆਂ ਨੂੰ ਵੀ ਮਾਂ-ਬੋਲੀ ਛੱਡ ਕੇ ਦੂਸਰੀ ਜ਼ਬਾਨ ਸਿੱਖਣ ਨੂੰ ਤਰਜੀਹ ਦਿੰਦੇ ਹਨ ਤਾਂ ਹੌਲੀ

ਹੌਲੀ ਬੋਲੀ ਦੀ ਲਿਪੀ ਬਦਲਣ ਦੇ ਨਾਲ ਨਾਲ ਬੋਲੀ ਦੀ ਜੜ੍ਹ ਉਸਦੀ ਸੱਭਿਅਤਾ ਸਮੇਤ ਖ਼ਤਮ ਹੋਣ ਦੇ ਆਸਾਰ ਸ਼ੁਰੂ ਹੋ ਜਾਂਦੇ ਹਨ ਤੇ ਅਗਲ਼ੇ ਲ਼ਗਭਗ ਪੰਜਾਹ ਕੁ ਸਾਲਾਂ ਵਿਚ ਬੋਲੀ ਖ਼ਤਮ ਹੋ ਜਾਂਦੀ ਹੈ।

1993 ਵਿਚ ਅਮਰੀਕਾ ਦੇ ਸੈਂਸਸ ਬਿਊਰੋ ਨੇ ਜਾਰੀ ਕੀਤੀ ਰਿਪੋਰਟ ਵਿਚ ਵੀ ਸਪਸ਼ਟ ਕੀਤਾ ਕਿ ਅਮਰੀਕਾ ਵਿਚਲੇ ਹਿੰਦੁਸਤਾਨੀ ਖ਼ਾਸਕਰ ਪੰਜਾਬੀਆਂ ਵਿੱਚੋਂ ਸਿਰਫ਼ ਸੌ ਕੁ ਘਰ ਤਾਂ ਅਜਿਹੇ ਹਨ, ਜਿਨ੍ਹਾਂ ਦੇ ਘਰ ਵਿਚ ਮਾਂ-ਬੋਲੀ ਦੀ ਵਰਤੋਂ ਜਾਰੀ ਸੀ। ਬਾਕੀ ਸਭ ਘਰਾਂ ਵਿਚ ਬੱਚਿਆਂ ਨਾਲ ਬੋਲਣ ਵੇਲੇ ਸਿਰਫ਼ ਅੰਗਰੇਜ਼ੀ ਦੀ ਵਰਤੋਂ ਕੀਤੀ ਜਾਂਦੀ ਸੀ। ਯਾਨੀ ਅਮਰੀਕਾ ਵਿਚ ਬਾਹਰੋਂ ਆਏ ਭਾਰਤੀ ਆਪਣੀ ਬੋਲੀ ਪੂਰੀ ਤਰ੍ਹਾਂ ਤਿਆਗ ਕੇ ਅੰਗਰੇਜ਼ੀ ਜ਼ਬਾਨ ਨੂੰ ਅਪਣਾ ਰਹੇ ਸਨ। ਸਿੱਟੇ ਵਜੋਂ ਭਾਰਤੀ ਮੂਲ ਦੇ ਅਮਰੀਕਾ ਵਿਚ ਵੱਸੇ ਬੱਚੇ ਜਿਹੜੇ ਆਪਣੀ ਬੋਲੀ ਪੂਰੀ ਤਰ੍ਹਾਂ ਤਿਆਗ ਰਹੇ ਸਨ, ਵਿਚ 7.2 ਪ੍ਰਤੀਸ਼ਤ ਤੋਂ ਵਾਧਾ ਹੋ ਕੇ ਦਸ ਸਾਲਾਂ ਵਿਚ (1990 ਸੰਨ ਤਕ) 28.4 ਪ੍ਰਤੀਸ਼ਤ ਤਕ ਪਹੁੰਚ ਗਿਆ ਸੀ ਤੇ ਹੁਣ ਲਗਭਗ ਸੌ ਪ੍ਰਤੀਸ਼ਤ ਪਹੁੰਚਣ ਦੇ ਨੇੜੇ ਹੈ।

ਵਿਲਸਨ ਨੇ 1992 ਵਿਚ ਕੀਤੀ ਖੋਜ ਵਿਚ ਇਹ ਸਾਬਤ ਕੀਤਾ ਕਿ ਧਰਤੀ ਉਪਰਲੀ ਵਨਸਪਤੀ ਅਤੇ ਜਾਨਵਰਾਂ ਦੀਆਂ ਅੰਦਾਜ਼ਨ ਦਸ ਲੱਖ ਕਿਸਮਾਂ ਵਿੱਚੋਂ ਹਰ ਸਾਲ ਇਕ ਕਿਸਮ ਖ਼ਤਮ ਹੋ ਰਹੀ ਹੈ, ਕਿਉਂਕਿ ਉਨ੍ਹਾਂ ਦਾ ਆਲਾ-ਦੁਆਲਾ ਬਦਲ ਰਿਹਾ ਹੈ ਤੇ ਹਵਾ ਵਿਚਲਾ ਪ੍ਰਦੂਸ਼ਨ ਇਸ ਦਾ ਇਕ ਕਾਰਨ ਹੋ ਸਕਦਾ ਹੈ।

ਕੁੱਝ ਇਸੇ ਤਰ੍ਹਾਂ ਦਾ ਹੀ ਅਸਰ ਜ਼ਬਾਨ ਦੇ ਖ਼ਾਤਮੇ ਵੇਲੇ ਉਸ ਨਾਲ ਜੁੜੀ ਸੱਭਿਅਤਾ 'ਤੇ ਵੀ ਪੈਂਦਾ ਹੈ। ਜਿਵੇਂ ਹੀ ਥਾਂ ਤੇ ਮਾਹੌਲ ਬਦਲਿਆ, ਪਹਿਰਾਵਾ ਤੇ ਰਿਵਾਜ ਵੀ ਬਦਲੇ। ਆਪਣੇ ਕੰਮਕਾਰ ਨੂੰ ਚਲਾਉਣ, ਕਾਨੂੰਨ ਨੂੰ ਅਪਣਾਉਣ ਤੇ ਸਮਝਣ ਲਈ ਬੋਲੀ ਦਾ ਬਦਲਣਾ ਵੀ ਲਾਜ਼ਮੀ ਹੋ ਜਾਂਦਾ ਹੈ।

ਇਸ ਤਰ੍ਹਾਂ ਦੇ ਜ਼ਬਾਨ ਦੇ ਬਦਲਾਵ ਨੂੰ 'ਲੈਂਗੁਏਜ ਸ਼ਿਫ਼ਟ' ਕਿਹਾ ਜਾਂਦਾ ਹੈ। ਜੇ ਛੋਟੇ ਪੱਧਰ 'ਤੇ ਹੋਵੇ ਤਾਂ ਬਹੁਤਾ ਨੁਕਸਾਨ ਨਹੀਂ ਹੁੰਦਾ, ਪਰ ਜੇ ਵੱਡੀ ਪੱਧਰ 'ਤੇ ਹੋ ਜਾਏ ਤਾਂ ਜ਼ਬਾਨ ਦੀ ਮੌਤ ਦਾ ਐਲਾਨ ਹੁੰਦਾ ਹੈ ਤੇ ਨਾਲ ਹੀ ਉਸ ਨਾਲ ਜੁੜੀ ਸੱਭਿਅਤਾ ਦਾ।

ਭਾਸ਼ਾ-ਵਿਗਿਆਨੀਆਂ ਦੀ ਚਿੰਤਾ ਇਹ ਹੈ ਕਿ ਏਨੀ ਵੱਡੀ ਪੱਧਰ 'ਤੇ ਜੇ ਇੱਕੋ ਵੇਲੇ ਅਲੱਗ ਅਲੱਗ ਸੱਭਿਅਤਾਵਾਂ ਦਾ ਅੰਤ ਹੋ ਜਾਏ ਤਾਂ ਸਭ ਇੱਕੋ ਸੱਭਿਅਤਾ ਵਾਲੇ ਲੋਕ ਇੱਕੋ ਜਿਹੇ ਹੀ ਕੰਮਾਂ ਵਿਚ ਰਚੇ ਤੇ ਇੱਕੋ ਤਰ੍ਹਾਂ ਦਾ ਖਾਣਾ, ਪੀਣਾ, ਰਹਿਣਾ ਅਤੇ ਇੱਕੋ ਹੀ ਚੋਟੀ 'ਤੇ ਅਰਬਾਂ-ਖਰਬਾਂ ਵੱਲੋਂ ਪਹੁੰਚਣਾ ਮਾਰੋ ਮਾਰ ਕਰ ਦੇਵੇਗਾ।

ਗੱਲ ਤਾਂ ਸਹੀ ਹੈ। ਜੇ ਸੌਖੇ ਅਰਥਾਂ ਵਿਚ ਸਮਝੀਏ ਤਾਂ ਅਗਲੇ ਸੌ ਸਾਲ ਬਾਅਦ

ਹਿੰਦੁਸਤਾਨ ਵਿਚਲੇ ਅੰਗਰੇਜ਼ (ਪੰਜਾਬੀ ਤਾਂ ਭਾਸ਼ਾ-ਵਿਗਿਆਨੀਆਂ ਅਨੁਸਾਰ ਰਹਿਣੇ ਹੀ ਨਹੀਂ) ਜਾਂ ਅਫ਼ਰੀਕਾ ਵਿਚਲੇ ਅੰਗਰੇਜ਼ ਅਮਰੀਕਾ ਵਿਚ ਰਹਿਣ ਨੂੰ ਹੀ ਪਹਿਲ ਦੇਣਗੇ। ਏਨੀ ਭਾਰੀ ਪੱਧਰ 'ਤੇ ਹਿਲਜੁਲ ਠੀਕ ਨਹੀਂ ਰਹਿੰਦੀ ਤੇ ਲੜਾਈ ਨੂੰ ਜਨਮ ਦਿੰਦੀ ਹੈ।

ਕਿਸੇ ਵੀ ਭਾਸ਼ਾ 'ਤੇ ਆਤਮ-ਘਾਤੀ ਹਮਲਾ ਓਦੋਂ ਹੁੰਦਾ ਹੈ, ਜਦੋਂ ਮਾਪੇ ਆਪਣੀ ਭਾਸ਼ਾ ਨੂੰ ਨੀਵਾਂ ਸਮਝਣ ਲੱਗ ਪੈਣ ਤੇ ਆਪਣੇ ਬੱਚਿਆਂ ਨਾਲ ਉਸ ਨੂੰ ਬੋਲਣਾ ਨਾ ਚਾਹੁਣ। ਜਦੋਂ ਬੱਚੇ ਮਾਂ-ਬੋਲੀ ਵਿਚ ਬੋਲਣਾ ਹੀਣ ਸਮਝਣ ਤੇ ਦੋਸਤਾਂ ਨਾਲ ਹੋਰ ਭਾਸ਼ਾ ਬੋਲਣ ਜਾਂ ਜ਼ਿੰਦਗੀ ਵਿਚ ਅਗਾਂਹ ਵਧਣ ਲਈ ਦੂਜੀ ਭਾਸ਼ਾ ਅਪਣਾਉਣ ਤੇ ਦੂਜੀ ਭਾਸ਼ਾ ਵਿਚ ਹੀ ਨੌਕਰੀ ਨੂੰ ਤਰਜੀਹ ਦੇਣ, ਤਾਂ ਉਸ ਭਾਸ਼ਾ ਦੀ ਉਮਰ ਥੋੜ੍ਹੀ ਰਹਿ ਜਾਂਦੀ ਹੈ। ਤੀਜੀ ਪੁਸ਼ਤ ਤਕ ਪਹੁੰਚਦੇ ਪਹੁੰਚਦੇ ਭਾਸ਼ਾ ਤੇ ਉਸ ਨਾਲ ਜੁੜੀ ਸੱਭਿਅਤਾ ਦਾ ਵੀ ਕਤਲ ਹੋ ਜਾਂਦਾ ਹੈ। ਇਸ ਨੂੰ 'ਲੈਂਗੁਏਜ ਮਰਡਰ' ਕਿਹਾ ਜਾਂਦਾ ਹੈ। ਇਸ ਨਾਲ ਇਕ ਜਿਨਸ ਦਾ ਖ਼ਾਤਮਾ, ਉਸ ਨਾਲ ਜੁੜੇ ਲਾਇਕ ਦਿਮਾਗ਼ ਤੇ ਉਨ੍ਹਾਂ ਰਾਹੀਂ ਰਚਿਤ ਸਾਹਿਤ, ਉਸ ਨਾਲ ਜੁੜੀ ਸੱਭਿਅਤਾ ਦੇ ਚੰਗੇ ਅੰਸ਼ ਤੇ ਉਸ ਸੱਭਿਅਤਾ ਵਿਚਲੇ ਤਿਉਹਾਰ ਤੇ ਉਨ੍ਹਾਂ ਦਾ ਪਿਛੋਕੜ, ਸਭ ਦਾ ਕਤਲ ਹੋ ਜਾਂਦਾ ਹੈ। ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਸਿਰਫ਼ ਉਸ ਭਾਸ਼ਾ ਦਾ ਕਤਲ ਹੁੰਦਾ ਹੈ, ਜਿਹੜੇ ਦੂਜੀ ਭਾਸ਼ਾ ਵਾਲਿਆਂ ਤੋਂ ਆਪਣੇ ਆਪ ਨੂੰ ਨੀਵਾਂ ਸਮਝਦੇ ਹੋਣ, ਕਿਉਂਕਿ ਦੂਜੀ ਭਾਸ਼ਾ ਵਾਲੇ ਕਦੇ ਵੀ ਅਜਿਹੇ ਲੋਕਾਂ ਨੂੰ ਆਪਣੇ ਵਿਚ ਰਲਣ ਨਹੀਂ ਦਿੰਦੇ। ਇਸ ਤਰ੍ਹਾਂ ਦੇ ਲੋਕਾਂ ਨੂੰ ਦੂਜੀ ਭਾਸ਼ਾ ਵਾਲੇ ਨੀਵਾਂ ਸਮਝਦੇ ਹੋਏ ਕਾਨੂੰਨ ਦੇ ਦਾਇਰੇ ਵਿਚ ਰੋਲ ਕੇ ਜਾਂ ਦਬਾ ਕੇ ਹੌਲੀ ਹੌਲੀ ਖ਼ਤਮ ਕਰ ਦਿੰਦੇ ਹਨ ਤਾਂ ਜੋ ਉਨ੍ਹਾਂ ਦੇ ਕੰਮ-ਕਾਰ 'ਤੇ ਹਮਲਾ ਨਾ ਹੋ ਜਾਏ।

ਜਿਹੜੇ ਆਪਣੀ ਭਾਸ਼ਾ ਤੇ ਸੱਭਿਆਚਾਰ ਤੋਂ ਟੁੱਟ ਚੁੱਕੇ ਹੋਣ, ਉਨ੍ਹਾਂ ਦਾ ਪਿਛੋਕੜ ਉਨ੍ਹਾਂ ਦੀ ਸਹਾਇਤਾ ਲਈ ਕਿਤੇ ਪਹੁੰਚ ਹੀ ਨਹੀਂ ਸਕਦਾ ਤੇ ਉਹ ਸੌਖੇ ਹੀ ਦੂਜੀ ਭਾਸ਼ਾ ਵਾਲਿਆਂ ਥੱਲੇ ਦੱਬ ਜਾਂਦੇ ਹਨ। ਇਸ ਦੇ ਉਲਟ ਜੇ ਕੋਈ ਇਨਸਾਨ ਆਪਣੀ ਭਾਸ਼ਾ ਦਾ ਮਾਹਿਰ ਬਣ ਕੇ ਦੂਜੀ ਭਾਸ਼ਾ ਵਾਲੇ ਦੇਸ ਵਿਚ ਪਹੁੰਚਦਾ ਹੈ ਤਾਂ ਲੋਕ ਉਸ ਨੂੰ ਜ਼ਹੀਨ ਮੰਨ ਕੇ ਉਸ ਅੱਗੇ ਸਿਰ ਝੁਕਾਉਂਦੇ ਹਨ ਤੇ ਮਾਣ ਨਾਲ ਆਪਣੇ ਦੇਸ ਵਿਚ ਸੱਦਾ ਦਿੰਦੇ ਹਨ।

ਕਰੌਫ਼ੋਰਡ ਨੇ 1995 ਵਿਚ ਬੜੇ ਸਾਫ਼ ਸ਼ਬਦਾਂ ਵਿਚ ਹਿੰਦੁਸਤਾਨੀਆਂ ਦੇ ਮੂੰਹ 'ਤੇ ਚਪੇੜ ਮਾਰੀ ਕਿ 'ਸਿਰਫ਼ ਅੰਗਰੇਜ਼ੀ' ਪਾਲਿਸੀ ਨਾਲ ਹਿੰਦੁਸਤਾਨੀ ਹੁਕਮਰਾਨ ਤੇ ਹਿੰਦੁਸਤਾਨੀ ਮਾਪੇ ਫ਼ਖ਼ਰ ਮਹਿਸੂਸ ਕਰਨ ਲੱਗ ਪਏ ਹਨ, ਜਿਸ ਨਾਲ ਉਨ੍ਹਾਂ ਦੀ ਸੱਭਿਅਤਾ ਦੇ ਕਾਫ਼ੀ ਅੰਸ਼ ਮੁੱਕ ਚੁੱਕੇ ਹਨ, ਜਿਹੜੇ ਉਨ੍ਹਾਂ ਦੇ ਤਿਉਹਾਰਾਂ ਵਿਚ ਆਉਂਦੇ ਬਦਲਾਵ ਦੱਸ ਰਹੇ ਹਨ। ਇਸ ਨਾਲ ਉਨ੍ਹਾਂ ਨੂੰ ਉੱਕਾ ਹੀ ਕੋਈ ਫ਼ਾਇਦਾ ਨਹੀਂ ਹੋਣ

ਲੱਗਾ। ਹਿੰਦੁਸਤਾਨੀਆਂ ਦੇ ਮਨਾਂ ਦੀ ਡੂੰਘਿਆਈ ਵਿਚ ਤਾਂ ਇਹ ਫਸਿਆ ਪਿਆ ਹੈ ਕਿ ਉਹ ਨੀਵੇਂ ਹਨ, ਕਿਉਂਕਿ ਉਨ੍ਹਾਂ ਦੀ ਮਾਂ-ਬੋਲੀ ਨੀਵੀਂ ਹੈ।

ਇਸ ਨੀਤੀ ਨੂੰ ਅਪਣਾਉਣ ਵਿਚ ਪੰਜਾਬੀ ਸਭ ਤੋਂ ਅੱਗੇ ਹਨ, ਜੋ ਅੰਗਰੇਜ਼ੀ ਬੋਲੀ ਸਿੱਖ ਕੇ ਗੋਰਿਆਂ ਦੇ ਘਰਾਂ ਵਿਚ ਝਾੜੂ ਪੋਚੇ ਲਾਉਣ ਲਈ ਵੀ ਤਿਆਰ ਹਨ, ਪਰ ਆਪਣੀ ਬੋਲੀ ਤੇ ਆਪਣੀ ਸੱਭਿਅਤਾ ਉੱਤੇ ਫ਼ਖ਼ਰ ਕਰਨ ਨੂੰ ਤਿਆਰ ਨਹੀਂ। ਪੰਜਾਬੀ ਹੁਕਮਰਾਨ ਅੰਗਰੇਜ਼ਾਂ ਵਿਚ ਰਲ ਕੇ ਉੱਥੋਂ ਦੇ ਆਮ ਆਦਮੀ ਤੋਂ ਵੀ ਬਦਤਰ ਰਹਿ ਜਾਂਦੇ ਹਨ ਤੇ ਇੱਥੇ ਪੂਰਾ ਰਾਜ ਕਰਨ ਨੂੰ ਤਿਆਰ ਹਨ, ਪਰ ਪੰਜਾਬੀ ਜ਼ਬਾਨ ਨੂੰ ਕੋਨੇ ਵਿਚ ਧੱਕ ਕੇ।

ਬੋਲੀ ਦਾ ਨਾਸ ਮਾਰਨ ਵਿਚ ਸਭ ਤੋਂ ਵੱਡਾ ਹੱਥ ਹੁੰਦਾ ਹੈ ਸਕੂਲਾਂ ਦਾ। ਅਮਰੀਕੀ ਖੋਜੀਆਂ ਨੇ ਜ਼ਬਾਨਾਂ ਦੇ ਖ਼ਾਤਮੇ ਦੇ ਕਾਰਨਾਂ ਵਿੱਚੋਂ ਇਹ ਵੀ ਇਕ ਵੱਡਾ ਕਾਰਨ ਮੰਨਿਆ ਹੈ, ਖ਼ਾਸਕਰ ਪ੍ਰੀ-ਨਰਸਰੀ ਸਕੂਲਾਂ ਵਿਚ ਵਰਤੀ ਜਾ ਰਹੀ ਮਾਂ-ਬੋਲੀ ਤੋਂ ਸਿਵਾ ਕੋਈ ਹੋਰ ਜ਼ਬਾਨ। ਦੂਜੀ ਵੱਡੀ ਮਾਰ ਬੋਰਡਿੰਗ ਸਕੂਲਾਂ ਵਿਚ ਬੋਲੀ ਜਾ ਰਹੀ ਅੰਗਰੇਜ਼ੀ ਜ਼ਬਾਨ ਤੇ ਉਸ ਨੂੰ ਨਾ ਬੋਲਣ 'ਤੇ ਲੱਗੇ ਜੁਰਮਾਨੇ ਕਾਰਨ ਵੀ ਕਈ ਮਾਂ-ਬੋਲੀਆਂ ਨਸ਼ਟ ਹੋ ਰਹੀਆਂ ਹਨ। ਇਹ ਤਾਂ ਹੁੰਦੀ ਹੈ ਛੋਟੇ ਬੱਚਿਆਂ ਦੇ ਦਿਲਾਂ ਉੱਤੇ ਛਾਪ ਕਿ ਉਨ੍ਹਾਂ ਦੀ ਮਾਂ-ਬੋਲੀ ਹੀਣ ਹੈ ਤੇ ਦੂਜੀ ਬੋਲੀ ਦੇ ਠੋਸਣ ਕਾਰਨ ਉਸੇ ਵਿਚ ਖੁੱਭੇ ਤੁਰੀ ਜਾਂਦੇ ਹਨ। ਜੇ ਇਸ ਦੌਰਾਨ ਬੱਚੇ ਨਾਲ ਘਰ ਵਿਚ ਮਾਂ-ਬੋਲੀ 'ਤੇ ਜ਼ੋਰ ਜਾਰੀ ਰਹੇ ਤਾਂ ਬੱਚੇ ਦਾ ਕੁੱਝ ਕੁ ਵਾਸਤਾ ਮਾਂ-ਬੋਲੀ ਨਾਲ ਬਣਿਆ ਰਹਿੰਦਾ ਹੈ, ਪਰ ਜੇ ਘਰ ਵੀ ਓਪਰੀ ਬੋਲੀ ਹੀ ਵਰਤੀ ਜਾਏ ਤਾਂ ਬੱਚਾ ਆਪਣੀ ਸੱਭਿਅਤਾ ਤੋਂ ਪੂਰੀ ਤਰ੍ਹਾਂ ਟੁੱਟ ਜਾਂਦਾ ਹੈ।

ਦੂਜੀ ਚੀਜ਼ ਜਿਹੜੀ ਜ਼ਬਾਨ ਦੇ ਖ਼ਾਤਮੇ ਦਾ ਐਲਾਨ ਕਰਦੀ ਹੈ ਜਾਂ 'ਲੈਂਗੁਏਜ ਸ਼ਿਫ਼ਟ' 'ਤੇ ਮਜਬੂਰ ਕਰਦੀ ਹੈ, ਉਹ ਹੈ ਬੱਚੇ ਦਾ ਅਗਾਂਹ ਵਧੂ ਭਵਿੱਖ। ਮਾਪੇ ਜਿਹੜੀ ਜ਼ਬਾਨ ਵਿਚ ਬੱਚੇ ਦਾ ਵਧੀਆ ਰੁਜ਼ਗਾਰ ਜਾਂ ਕਿੱਤਾ ਵੇਖਦੇ ਹਨ ਜਾਂ ਜ਼ਬਾਨ ਦੀ ਨਵੇਂ ਜ਼ਮਾਨੇ ਵਿਚ ਉਚਾਈ ਤਕ ਪਹੁੰਚ ਵੇਖਦੇ ਹਨ ਤਾਂ ਉਹ ਆਪਣੇ ਆਪ ਹੀ ਇਸ ਵੱਲ ਖਿੱਚੇ ਜਾਂਦੇ ਹਨ ਤੇ ਆਪਣੇ ਬੱਚੇ ਦੇ ਭਵਿੱਖ ਬਾਰੇ ਸੋਚਦੇ ਹੋਏ ਉਸ ਨੂੰ ਮਾਂ-ਬੋਲੀ ਤੋਂ ਪਰ੍ਹਾਂ ਧੱਕ ਦਿੰਦੇ ਹਨ।

ਜਿਹੜੀ ਤੀਜੀ ਜ਼ਰੂਰੀ ਚੀਜ਼ ਕਿਸੇ ਵੀ ਬੋਲੀ ਦੇ ਬਚਾਓ ਲਈ ਚਾਹੀਦੀ ਹੈ ਉਹ ਹੈ ਸਰਕਾਰੀ ਪੱਧਰ 'ਤੇ ਉਸ ਦੀ ਵਰਤੋਂ ਤੇ ਉਸ ਬੋਲੀ ਵਿਚ ਅਗਾਂਹ-ਵਧੂ ਇੰਡਸਟਰੀ, ਜਿਵੇਂ ਕੰਪਿਊਟਰ ਵਿਚਲੇ ਰੁਜ਼ਗਾਰ, ਪੈਸੇ ਦਾ ਆਦਾਨ ਪ੍ਰਦਾਨ ਤੇ ਬੈਂਕਾਂ ਵਿਚ ਉਸ ਦੀ ਲਿਖਤੀ ਰੂਪ ਵਿਚ ਵਰਤੋਂ ਯਾਨੀ ਹਸਤਾਖ਼ਰ, ਆਦਿ।

ਆਖ਼ਰੀ ਜ਼ਰੂਰੀ ਚੀਜ਼ ਹੈ ਮਾਂ-ਬੋਲੀ ਵਿਚ ਡਾਕਟਰੀ, ਇੰਜੀਨੀਅਰੀ ਜਾਂ ਹੋਰ ਵੀ ਅਜਿਹੇ ਕਿੱਤਿਆਂ ਵਿਚ ਮਾਹਿਰ ਹੋਣ ਲਈ ਪੜ੍ਹੀਆਂ ਜਾਣ ਵਾਲੀਆਂ ਕਿਤਾਬਾਂ।

ਪੂਰੀ ਦੁਨੀਆ ਨਾਲ ਸੰਪਰਕ ਰੱਖਣ ਲਈ ਅਤੇ ਆਪਣੀ ਨਵੀਂ ਖੋਜ ਨੂੰ ਦੁਨੀਆ ਭਰ ਵਿਚ ਪਹੁੰਚਾਉਣ ਲਈ ਅੰਗਰੇਜ਼ੀ ਜਾਂ ਕੋਈ ਵੀ ਹੋਰ ਜ਼ਬਾਨ ਸਿੱਖਣੀ ਕੋਈ ਮਾੜੀ ਗੱਲ ਨਹੀਂ, ਬਸ਼ਰਤੇ ਕਿ ਮਾਂ-ਬੋਲੀ ਨੂੰ ਮਿੱਝ ਕੇ ਅਜਿਹਾ ਨਾ ਕੀਤਾ ਜਾਏ। ਦੂਸਰੀ ਜ਼ਬਾਨ ਸਿੱਖਣ ਦਾ ਇਹ ਉੱਕਾ ਹੀ ਮਤਲਬ ਨਹੀਂ ਹੁੰਦਾ ਕਿ ਆਪਣੀ ਸੱਭਿਅਤਾ ਦਾ ਖ਼ਾਤਮਾ ਕਰਨਾ ਜ਼ਰੂਰੀ ਹੈ, ਬਲਕਿ ਦੂਸਰੀ ਜ਼ਬਾਨ ਵਾਲਿਆਂ ਵਿਚ ਅਲੱਗ ਪਛਾਣ ਰੱਖਣ ਵਾਸਤੇ ਆਪਣੀ ਸੱਭਿਅਤਾ ਨਾਲ ਜੁੜੇ ਰਹਿਣਾ ਜ਼ਰੂਰੀ ਹੈ ਅਤੇ ਆਪਣੇ ਆਪ ਨੂੰ ਭੀੜ ਵਿਚ ਗੁੰਮ ਜਾਣ ਤੋਂ ਬਚਾਉਣ ਲਈ ਮਾਂ-ਬੋਲੀ ਦੀ ਪਕੜ ਜ਼ਰੂਰੀ ਹੈ।

ਟੀ.ਵੀ. ਤੇ ਵੀਡੀਓ ਦਾ ਮਾਧਿਅਮ ਆਮ ਲੋਕਾਂ ਨੂੰ ਬੋਲੀ ਨਾਲ ਜੋੜਨ ਜਾਂ ਦੂਰ ਕਰਨ ਦਾ ਸਾਧਨ ਵੀ ਬਣ ਸਕਦਾ ਹੈ। ਜੇ ਬਜ਼ੁਰਗ ਲੋਕ ਰੇਡੀਓ ਜਾਂ ਟੀ.ਵੀ. 'ਤੇ ਕਿਸੇ ਹੋਰ ਜ਼ਬਾਨ ਵੱਲ ਵਧਦਾ ਝੁਕਾਓ ਵੇਖਣ ਤਾਂ ਉਹ ਆਪਣੇ ਬੱਚਿਆਂ ਉੱਤੇ ਧੱਕੋਜ਼ੋਰੀ ਮਾਂ-ਬੋਲੀ ਥੱਪਦੇ ਨਹੀਂ ਤੇ ਦੂਜੀ ਬੋਲੀ ਨੂੰ ਆਪਣੇ ਬੱਚਿਆਂ ਨੂੰ ਅਪਣਾਉਣ ਲਈ ਰੋਕਦੇ ਵੀ ਨਹੀਂ। ਇਸ ਦੇ ਉਲਟ ਆਪਣੀ ਹਾਲਤ ਵੇਖਦੇ ਹੋਏ ਕਈ ਵਾਰ ਤਾਂ ਦੂਜੀ ਜ਼ਬਾਨ ਨੂੰ ਅਪਣਾਉਣ ਲਈ ਹੱਲਾਸ਼ੇਰੀ ਵੀ ਦੇ ਦਿੰਦੇ ਹਨ ਤਾਂ ਜੋ ਉਨ੍ਹਾਂ ਦੀ ਮਾਲੀ ਹਾਲਤ ਚੰਗੀ ਹੋ ਸਕੇ।

ਇਹ ਕਿਸੇ ਵੀ ਜ਼ਬਾਨ ਲਈ ਸਭ ਤੋਂ ਵੱਡੀ ਮਾਰ ਹੁੰਦੀ ਹੈ, ਜਦੋਂ ਕੋਈ ਮਾਂ-ਬੋਲੀ ਇਕ ਸੀਮਿਤ ਘੇਰੇ ਵਿਚ ਸੁੰਗੜ ਕੇ ਰਹਿ ਜਾਵੇ। ਇਹ ਸੀਮਿਤ ਘੇਰਾ ਹੁੰਦਾ ਹੈ, ਬਜ਼ੁਰਗਾਂ ਵਿਚਲੀ ਆਪਸੀ ਗੱਲਬਾਤ ਤਕ, ਸਿਰਫ਼ ਧਾਰਮਿਕ ਸਮਾਗਮਾਂ ਵਿਚ ਵਰਤਿਆ ਜਾਣਾ ਜਾਂ ਸਿਰਫ਼ ਕਿਸੇ ਰੀਤ-ਰਿਵਾਜ ਕਰਨ ਸਮੇਂ ਉਸਦੀ ਵਰਤੋਂ।

ਅਮਰੀਕਾ ਵਿਚ ਭਾਸ਼ਾ-ਵਿਗਿਆਨੀਆਂ ਵੱਲੋਂ 1995 ਵਿਚ ਕੀਤੀ ਭਵਿੱਖਬਾਣੀ ਸਹੀ ਸਾਬਤ ਹੋ ਚੁੱਕੀ ਹੈ ਤੇ ਸੰਨ 2000 ਤਕ 45 ਭਾਸ਼ਾਵਾਂ ਖ਼ਤਮ ਹੋ ਚੁੱਕੀਆਂ ਹਨ। ਸੰਨ 2025 ਵਿਚ ਬਾਕੀ 125 ਜ਼ਬਾਨਾਂ ਦੇ ਖ਼ਾਤਮੇ ਦਾ ਐਲਾਨ ਵੀ ਹੋ ਚੁੱਕਿਆ ਹੈ, ਜਿਨ੍ਹਾਂ ਵਿੱਚੋਂ 75 ਦੇ ਕਰੀਬ ਅੱਜ ਦੇ ਦਿਨ ਹੀ ਖ਼ਤਮ ਹੋ ਚੁੱਕੀਆਂ ਹਨ। ਜਿਹੜਾ ਖ਼ਤਰਨਾਕ ਐਲਾਨ ਹਿੰਦੁਸਤਾਨੀਆਂ ਵਾਸਤੇ ਹੈ, ਉਹ ਹੈ 2050 ਸੰਨ ਤਕ ਬਾਕੀ ਦੀਆਂ 155 ਬਚੀਆਂ ਭਾਸ਼ਾਵਾਂ ਦਾ ਅਮਰੀਕਾ ਵਿਚ ਅੰਤ, ਜਿਨ੍ਹਾਂ ਵਿਚ ਪੰਜਾਬੀ ਜ਼ਬਾਨ ਸ਼ਾਮਿਲ ਹੈ।

ਜੇ ਕੋਈ ਪੰਜਾਬੀ ਇਸ ਤੋਂ ਚਿੰਤਤ ਹੈ ਤਾਂ ਉਹ ਇਹ ਬਾਖ਼ੂਬੀ ਸਮਝ ਸਕਦਾ ਹੈ ਕਿ ਜੇ 2050 ਤਕ ਅਮਰੀਕਾ ਵਿਚ ਪੰਜਾਬੀ ਜ਼ਬਾਨ ਦਾ ਅੰਤ ਨਿਸਚਿਤ ਹੈ ਤਾਂ ਜਿਹੜੇ ਵੀ ਅੰਸ਼ ਕਿਸੇ ਜ਼ਬਾਨ ਦੇ ਅੰਤ ਦਾ ਐਲਾਨ ਕਰਦੇ ਹਨ, ਉਹ ਸਾਰੇ ਅੰਸ਼ ਪੰਜਾਬ ਅੰਦਰ ਵੀ ਭਰੇ ਪਏ ਹਨ; ਅਰਥਾਤ ਪ੍ਰੀ-ਨਰਸਰੀ ਵਿਚ ਗਲੀ ਗਲੀ ਖੁੱਲ੍ਹੇ ਅੰਗਰੇਜ਼ੀ ਮਾਧਿਅਮ ਸਕੂਲ, ਹਰ ਰੁਜ਼ਗਾਰ ਤੇ ਵਧੀਆ ਕਿੱਤਾ ਅੰਗਰੇਜ਼ੀ ਵਿਚ, ਮੈਡੀਕਲ ਤੇ ਇੰਜੀਨੀਅਰੀ ਪੜ੍ਹਾਈ ਅੰਗਰੇਜ਼ੀ ਵਿਚ, ਸਰਕਾਰੀ ਪੱਧਰ 'ਤੇ ਪੰਜਾਬੀ

ਦੀ ਦੁਰਵਰਤੋਂ ਤੇ ਉਸ ਦਾ ਲਾਗੂ ਨਾ ਹੋਣਾ, ਖ਼ਾਸਕਰ ਆਈ.ਏ.ਐੱਸ. ਅਧਿਕਾਰੀਆਂ ਵੱਲੋਂ ਪੰਜਾਬੀ ਜ਼ਬਾਨ ਦੀ ਦੱਬ ਕੇ ਨਿਖੇਧੀ ਤੇ ਇਸ ਨੂੰ ਲਾਗੂ ਕਰਨ ਵਿਚ ਹਰ ਪੱਧਰ 'ਤੇ ਅੜਚਣ, ਪੰਜਾਬੀ ਬੋਲਣ ਵਾਲੇ ਨੂੰ ਨੀਵਾਂ ਤੇ ਅਨਪੜ੍ਹ ਸਮਝਣਾ ਅਤੇ ਯੂਨੀਵਰਸਿਟੀਆਂ ਵਿਚ ਮਾਂ-ਬੋਲੀ ਨੂੰ ਉਤਸਾਹਿਤ ਨਾ ਕਰਨਾ।

ਅਮਰੀਕੀ ਭਾਸ਼ਾ-ਵਿਗਿਆਨੀ ਕਿਉਂਕਿ ਏਨੀ ਵੱਡੀ ਪੱਧਰ 'ਤੇ ਭਾਸ਼ਾਵਾਂ ਦੀ ਮੌਤ 'ਤੇ ਚਿੰਤਤ ਹਨ, ਇਸੇ ਲਈ ਉਨ੍ਹਾਂ ਮਰਦੀ ਹੋਈ ਜਾਂ ਮਰ ਚੁੱਕੀ ਜ਼ਬਾਨ ਨੂੰ ਜ਼ਿੰਦਾ ਕਰਨ ਦੇ ਹੱਲ ਵੀ ਦੱਸੇ ਹਨ। ਦੋ ਹਜ਼ਾਰ ਸਾਲ ਪਹਿਲਾਂ ਮਰ ਚੁੱਕੀ ਜ਼ਬਾਨ 'ਹਿਬਰਿਊ' (ਇਬਰਾਨੀ) ਨੂੰ ਜ਼ਿੰਦਾ ਕਰ ਲਿਆ ਗਿਆ ਹੈ ਤੇ ਇਜ਼ਰਾਈਲ ਵਿਚ ਜਾਂ ਬਾਹਰ ਇਸ ਨੂੰ ਬੋਲਣ ਵਾਲੇ ਐਸ ਵੇਲੇ ਕਰੋੜਾਂ ਬੰਦੇ ਹਨ।

ਕਿਸੇ ਵੀ ਜ਼ਬਾਨ ਵਿਚ ਨਵੇਂ ਸਿਰਿਓਂ ਜਾਨ ਫੂਕਣ ਲਈ ਉਸ ਜ਼ਬਾਨ ਵਿਚ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਾਈ ਜ਼ਰੂਰੀ ਹੈ, ਸਕੂਲ ਵਿਚ ਪੜ੍ਹਾਉਣ ਵਾਲੇ ਅਧਿਆਪਕਾਂ ਲਈ ਉਸ ਜ਼ਬਾਨ ਵਿਚ ਮੁਹਾਰਤ ਹੋਣੀ ਜ਼ਰੂਰੀ ਹੈ, ਉੱਚ-ਪੱਧਰੀ ਸੰਗੀਤ ਹੋਣਾ ਚਾਹੀਦਾ ਹੈ, ਜ਼ਬਾਨ ਕਿੱਤਾ ਮੁਹੱਈਆ ਕਰਵਾਉਣ ਦੇ ਕਾਬਲ ਹੋਣੀ ਚਾਹੀਦੀ ਹੈ, ਯਾਨੀ ਸਰਕਾਰੀ ਅਮਲਾ ਇਹ ਜ਼ਬਾਨ ਪੂਰੀ ਤਰ੍ਹਾਂ ਲਾਗੂ ਕਰੇ ਤੇ ਅਗਲੇਰੀ ਪੜ੍ਹਾਈ ਲਈ ਇਸ ਜ਼ਬਾਨ ਵਿਚ ਉਚੇਰਾ ਤੇ ਖੋਜ ਭਰਪੂਰ ਸਾਹਿਤ ਹੋਣਾ ਬਹੁਤ ਜ਼ਰੂਰੀ ਹੈ।

ਇਸ ਕੰਮ ਲਈ ਮਾਂ-ਬੋਲੀ ਦੀਆਂ ਬਰੀਕੀਆਂ ਜਾਨਣ ਵਾਲੇ ਬਜ਼ੁਰਗ ਮਾਹਿਰਾਂ ਦੀ ਕਮੇਟੀ ਗਠਨ ਕਰ ਕੇ ਉਨ੍ਹਾਂ ਤੋਂ ਰਾਏ ਲੈਣੀ ਬਹੁਤ ਹੀ ਜ਼ਰੂਰੀ ਹੁੰਦੀ ਹੈ। ਇਸ ਲਈ ਸਰਕਾਰ ਵੱਲੋਂ ਖੁੱਲ੍ਹੀ ਗਰਾਂਟ ਮਿਲਣੀ ਚਾਹੀਦੀ ਹੈ।

ਅਲਾਸਕਾ ਦੇ ਭਾਸ਼ਾ ਸੈਂਟਰ ਨੇ ਸਪਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਹੈ ਕਿ ਕਿਸੇ ਵੀ ਭਾਸ਼ਾ ਨੂੰ ਬਚਾਉਣ ਵਾਸਤੇ ਕੋਈ ਉਸ ਭਾਸ਼ਾ ਵਿਚਲਾ ਬਜ਼ੁਰਗ ਜਾਂ ਜਵਾਨ, ਜਿਸ ਨੂੰ ਆਪਣੀ ਮਾਂ-ਬੋਲੀ ਨਾਲ ਪਿਆਰ ਹੈ ਤੇ ਉਹ ਆਪਣੇ ਲੋਕਾਂ ਵਿਚ ਇਹ ਪਿਆਰ ਵਾਪਸ ਪੈਦਾ ਕਰਨ ਦੀ ਹਿੰਮਤ ਰੱਖਦਾ ਹੈ, ਹੀ ਇਹ ਚਮਤਕਾਰ ਕਰ ਸਕਦਾ ਹੈ। ਕੋਈ ਬਾਹਰਲਾ ਬੰਦਾ ਇਹ ਬਿਲਕੁਲ ਨਹੀਂ ਕਰ ਸਕਦਾ।

ਜੇ ਹੁਣ ਵੀ ਇਸ ਪੰਜਾਬ ਦੀ ਧਰਤੀ 'ਤੇ ਕੋਈ ਪੰਜਾਬ ਦਾ ਪੁੱਤਰ ਆਪਣੀ ਮਾਂ-ਬੋਲੀ ਦੀ ਵਿਛ ਰਹੀ ਕਬਰ 'ਤੇ ਚਿੰਤਾ ਗ੍ਰਸਤ ਨਹੀਂ ਹੋਇਆ ਤਾਂ ਮੈਂ ਐਲਾਨ ਕਰਦੀ ਹਾਂ ਕਿ ਕੋਈ ਰਾਣੀ ਦੀ ਝਾਂਸੀ ਬਣ ਕੇ ਪੰਜਾਬੀ ਬੋਲੀ ਨੂੰ ਆਪਣੀ ਛਾਤੀ ਨਾਲ ਲਾ ਕੇ ਪੰਜਾਬ ਦੀ ਧੀ ਜ਼ਰੂਰ ਨਿਤਰੇਗੀ ਮੈਦਾਨੇ ਜੰਗ ਵਿਚ, ਫ਼ਿਰੰਗੀਆਂ ਦੇ ਵਿਛਾਏ ਅੰਗਰੇਜ਼ੀ ਦੇ ਜਾਲ ਵਿੱਚੋਂ ਆਪਣੀ ਮਾਂ-ਬੋਲੀ ਪੰਜਾਬੀ ਨੂੰ ਸਫਲਤਾ ਨਾਲ ਕੱਢ ਕੇ ਲਿਜਾਉਣ ਦੀ।

•

6

ਵਤਨੋਂ ਪਾਰ ਵੱਸਦੇ ਪੰਜਾਬੀਆਂ ਦੀ ਮਾਂ-ਬੋਲੀ ਨਾਲ ਸਾਂਝ

ਹਾਲਾਂਕਿ ਪਾਕਿਸਤਾਨ ਤੋਂ ਇਲਾਵਾ ਮੈਨੂੰ ਕਿਤੇ ਹੋਰ ਵਤਨੋਂ ਪਾਰ ਜਾਣ ਦਾ ਮੌਕਾ ਨਹੀਂ ਮਿਲਿਆ, ਪਰ ਬਹੁਤ ਸਾਰੇ ਐਨ.ਆਰ.ਆਈ. ਵੀਰਾਂ ਤੇ ਭੈਣਾਂ ਦੀਆਂ ਚਿੱਠੀਆਂ ਅਤੇ ਫ਼ੋਨ ਮੈਨੂੰ ਪੰਜਾਬੀ ਜ਼ਬਾਨ ਦੇ ਸੀਮਿਤ ਹੁੰਦੇ ਘੇਰੇ ਬਾਰੇ ਪਹੁੰਚੇ ਹਨ। ਇਕ ਵੀਰ ਨੇ ਤਾਂ ਨਿਊਜ਼ੀਲੈਂਡ ਤੋਂ ਪੰਜਾਬੀ ਜ਼ਬਾਨ ਦਾ ਦੂਜੀ ਪੁਸ਼ਤ ਤਕ ਉੱਕਾ ਹੀ ਨਾ ਪਹੁੰਚਣ ਕਾਰਨ, ਬਹੁਤ ਭਾਵੁਕ ਹੋ ਕੇ ਇਹ ਤੁਕਾਂ ਲਿਖ ਭੇਜੀਆਂ ਹਨ ਕਿ ਵਤਨੋਂ ਪਾਰ ਆਉਣ ਵਾਲੇ ਹਰ ਪੰਜਾਬੀ ਤਾਈਂ ਮੇਰਾ ਇਹ ਸੁਨੇਹਾ ਪਹੁੰਚਾ ਦਿਓ :

ਜਿਨ੍ਹਾਂ ਪੁੱਤਾਂ ਨੂੰ ਸੀਨੇ ਲਾ ਕੇ ਹੱਥੀਂ ਦੁੱਧ ਚੁੰਘਾਇਆ ਏ,
ਉਨ੍ਹਾਂ ਪੁੱਤਾਂ ਨੇ ਹੀ ਗ਼ੈਰਾਂ ਦੇ ਹੱਥ ਮਾਂ ਨੂੰ ਗਿਰਵੀ ਪਾਇਆ ਏ।
ਮਾਂ-ਬੋਲੀ ਪੰਜਾਬੀ ਦਾ ਅੱਜ ਰੋਮ ਰੋਮ ਕੁਰਲਾਇਆ ਏ।
ਮੇਰੇ ਆਪਣੇ ਪੁੱਤ ਹੀ ਵੈਰੀ ਬਣ ਗਏ, ਮਾਂ ਨੂੰ ਬਲੀ ਚੜ੍ਹਾਇਆ ਏ।
ਰੋਜ਼ੀ ਰੋਟੀ ਖ਼ਾਤਰ ਜਿਹੜੇ ਤੁਰ ਗਏ ਵਿਚ ਬਦੇਸਾਂ ਦੇ,
ਸਹਿਕ ਰਹੀ ਨੂੰ ਛੱਡ ਕੇ ਤੁਰ ਗਏ ਆਪ ਫਸ ਗਏ ਵਿਚ ਐਸ਼ਾਂ ਦੇ।
ਵੱਸਦੇ ਰਹੋ ਤੁਸੀਂ ਜਾਣ ਵਾਲਿਓ, ਮਾਂ ਨੂੰ ਰਾਹ ਕਬਰਾਂ ਦੇ ਪਾਇਆ ਏ,
ਮਾਂ-ਬੋਲੀ ਪਹਿਚਾਣ ਹੈ ਸਾਡੀ, ਉਸੇ ਨੂੰ ਨਜ਼ਰਾਂ 'ਚੋਂ ਗਿਰਾਇਆ ਏ।
ਸੋਹਣੇ ਪੁੱਤਰੋ, ਪਛਤਾਓਗੇ ਜਦੋਂ ਵੇਲਾ ਹੱਥ ਨਾ ਆਉਣਾ ਏ,
ਨਾ ਘਰ ਦੇ ਨਾ ਘਾਟ ਦੇ ਰਹਿਣਾ ਗ਼ੈਰਾਂ ਨੇ ਮੂੰਹ ਭੁੰਵਾਉਣਾ ਏ।
ਮਾਂ-ਬੋਲੀ ਨੂੰ ਜੋ ਭੁੱਲ ਜਾਂਦੇ, ਉਨ੍ਹਾਂ ਆਪਣਾ ਆਪ ਗਵਾਇਆ ਏ।
ਮਾਂ-ਬੋਲੀ ਪੰਜਾਬੀ ਦਾ ਅੱਜ ਰੋਮ ਰੋਮ ਕੁਰਲਾਇਆ ਏ।

ਅਮਰੀਕਾ ਵਿੱਚੋਂ ਵੀ ਇਕ ਐਨ.ਆਰ.ਆਈ. ਵੀਰ ਦਾ ਫ਼ੋਨ ਪਹੁੰਚਿਆ ਕਿ ਇੱਥੇ ਤਾਂ ਪੰਜਾਬੀ ਕਾਇਦਾ ਵੇਖਣਾ ਬਿਲਕੁਲ ਇੰਜ ਜਾਪਦਾ ਹੈ, ਜਿਵੇਂ ਡੂੰਘੇ ਸਮੁੰਦਰ ਹੇਠੋਂ ਸੀਪ ਵਿਚਲਾ ਮੋਤੀ ਕੱਢਣਾ ਹੋਵੇ। ਕਹਿ ਦਿਓ ਪੰਜਾਬੀ ਵੀਰਾਂ ਨੂੰ, ਝੋਲੇ ਵਿਚ ਪੰਜਾਬੀ ਦਾ ਕਾਇਦਾ ਲੈ ਕੇ ਇੱਥੇ ਆਉਣ, ਕਿਉਂਕਿ ਇੱਥੇ ਵੱਸਦੇ ਉਨ੍ਹਾਂ ਲੋਕਾਂ ਲਈ ਇਹ ਬੇਸ਼ਕੀਮਤੀ ਸੌਗ਼ਾਤ ਹੋਵੇਗੀ, ਜਿਹੜੇ ਆਪਣੇ ਬੱਚਿਆਂ ਦੀ ਆਪਣੇ ਪਿਛੋਕੜ ਤੇ ਆਪਣੀ ਬੋਲੀ ਨਾਲ ਸਾਂਝ ਬਣਾਈ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ।

ਇਕ ਹੋਰ ਐਨ.ਆਰ.ਆਈ. ਵੀਰ ਨੇ ਵੀ ਦੁਹਾਈ ਪਾਈ ਕਿ ਮਾਂ-ਬੋਲੀ ਨੂੰ ਭੁਲਾ ਕੇ ਅਸੀਂ ਆਪਣਾ ਆਪ ਗੁਆ ਰਹੇ ਹਾਂ ਤੇ ਇਸ ਪਛਾਣ ਦੇ ਗੁੰਮ ਜਾਣ ਕਾਰਨ ਸਾਡੇ ਬੱਚੇ ਸਾਡੀ ਸੱਭਿਅਤਾ ਤੋਂ ਬਿਲਕੁਲ ਹੀ ਕੋਰੇ ਹੋ ਗਏ ਹਨ।

ਇਕ ਗੱਲ ਤਾਂ ਸਾਫ਼ ਹੋ ਹੀ ਗਈ ਕਿ ਗੁਲਾਬ ਦੀ ਖ਼ੁਸ਼ਬੋ ਵਰਗੀ, ਤ੍ਰੇਲ ਦੇ ਮੋਤੀਆਂ ਵਰਗੀ, ਮਿੱਟੀ ਦੀ ਮਹਿਕ ਵਰਗੀ, ਪੋਹ ਦੀ ਧੁੱਪ ਵਰਗੀ ਤੇ ਅੰਮ੍ਰਿਤ ਵੇਲੇ ਦੀ ਚੁੱਪ ਵਰਗੀ ਇਹ ਪੰਜਾਬੀ ਬੋਲੀ ਕਿਤੇ ਨਾ ਕਿਤੇ ਹਰ ਪੰਜਾਬੀ ਅੰਦਰ ਇਕ ਸਾਂਝ ਪੈਦਾ ਕਰਨ ਦੀ ਅਜੇ ਵੀ ਸੰਭਾਵਨਾ ਰੱਖਦੀ ਹੈ।

ਗੋਰਿਆਂ ਨੂੰ ਇਸ ਬੋਲੀ ਨਾਲ ਪੰਜਾਬੀਆਂ ਦੇ ਲਗਾਓ ਬਾਰੇ ਭਿਣਕ ਲੱਗ ਚੁੱਕੀ ਹੈ, ਇਸੇ ਲਈ ਉਨ੍ਹਾਂ ਨੇ ਪੰਜਾਬੀਆਂ ਦੇ ਦਿਲਾਂ ਦੇ ਤਾਰ ਨੂੰ ਛੇੜ ਦਿੱਤਾ ਹੈ। ਉਨ੍ਹਾਂ ਨੇ ਈਸਾਈ ਇਲਮ ਦਾ ਹਿੰਦੀ ਤੇ ਪੰਜਾਬੀ ਵਿਚ ਤਰਜਮਾ ਕਰ ਕੇ ਹਰ ਐਨ.ਆਰ.ਆਈ. ਪੰਜਾਬੀ ਦੇ ਘਰ ਮੁਫ਼ਤ ਵੰਡਣਾ ਸ਼ੁਰੂ ਕਰ ਦਿੱਤਾ ਹੈ। ਨਤੀਜੇ ਵਜੋਂ ਅਗਲੀ ਪੌਦ ਬੋਲੀ ਤੋਂ ਤਾਂ ਮਜਬੂਰੀ ਤਹਿਤ ਪਰ੍ਹਾਂ ਹੋ ਹੀ ਰਹੀ ਹੈ, ਪਰ ਪੰਜਾਬੀ ਸੱਭਿਆਚਾਰ ਤੇ ਆਪਣੇ ਧਰਮ ਤੋਂ ਵੀ ਕੋਸਾਂ ਦੂਰ ਹੋ ਰਹੀ ਹੈ, ਕਿਉਂਕਿ ਪੰਜਾਬੀ ਬੱਚਿਆਂ ਨੂੰ ਅੰਗਰੇਜ਼ੀ ਵਿਚ ਤਰਜਮਾ ਕੀਤਾ ਹੋਇਆ ਆਪਣਾ ਇਤਿਹਾਸ ਤੇ ਪਿਛੋਕੜ ਜਾਨਣ ਦਾ ਮੌਕਾ ਹੀ ਨਹੀਂ ਮਿਲ ਰਿਹਾ। ਸਕੂਲਾਂ ਵਿਚ ਬਹੁ-ਗਿਣਤੀ ਗੋਰਿਆਂ ਵਿਚ ਇੱਕਾ-ਦੁੱਕਾ ਭਾਰਤੀ ਬੱਚਾ ਆਪਣੇ ਆਪ ਨੂੰ ਸਾਰੀ ਕਲਾਸ ਵਿਚ ਰਲਾਉਣ ਲਈ ਪੂਰੀ ਤਰ੍ਹਾਂ ਉਨ੍ਹਾਂ ਦੇ ਰੰਗ ਵਿਚ ਰੰਗਿਆ ਜਾਂਦਾ ਹੈ। ਬਿਲਕੁਲ ਇਸੇ ਹੀ ਤਰ੍ਹਾਂ ਕੰਮ-ਕਾਜ ਵਿਚ ਤਰੱਕੀ ਦੇ ਲਾਲਚ ਨੂੰ ਉੱਥੋਂ ਦੇ ਰੰਗ ਵਿਚ ਰਚਣਾ ਵਤਨੋਂ ਪਾਰ ਭਾਰਤੀ ਮੂਲ ਵਾਲਿਆਂ ਲਈ ਜ਼ਰੂਰਤ ਬਣ ਜਾਂਦੀ ਹੈ।

ਵਤਨੋਂ ਪਾਰ ਬਣੇ ਕੁੱਝ ਗੁਰਦੁਆਰਿਆਂ ਵਿਚ ਇਸ ਮਸਲੇ ਨੂੰ ਹੱਲ ਕਰਨ ਦਾ ਯਤਨ ਸ਼ੁਰੂ ਹੋ ਚੁੱਕਾ ਹੈ, ਕਿਉਂਕਿ ਗੁਰਦੁਆਰੇ ਨੂੰ ਸਿਰਫ਼ ਇਕ ਧਾਰਮਿਕ ਅਸਥਾਨ ਬਣਾਉਣ ਦੀ ਬਜਾਇ ਸੱਭਿਆਚਾਰ ਅਤੇ ਸਿੱਖਿਆ ਦਾ ਕੇਂਦਰ ਬਣਾਉਣ ਦੇ ਯਤਨ ਵੀ ਕੀਤੇ ਜਾ ਰਹੇ ਹਨ। ਮੈਨੂੰ ਦੱਸਿਆ ਗਿਆ ਹੈ ਕਿ ਉੱਥੇ ਪੰਜਾਬੀ ਸਿਖਾਉਣ ਦੇ ਯਤਨ ਵੀ ਕੀਤੇ ਜਾ ਰਹੇ ਹਨ, ਛੋਟੇ ਪਹਿਲੀ ਜਮਾਤ ਤਕ ਦੇ ਸਕੂਲ ਵੀ ਖੋਲ੍ਹੇ ਗਏ ਹਨ ਤੇ ਗੁਰਦੁਆਰੇ ਦੀ ਹੱਦ ਦੇ ਅੰਦਰ ਹੀ ਡਿਸਪੈਂਸਰੀ ਵੀ ਬਣਾਈ ਗਈ ਹੈ। ਧਾਰਮਿਕ ਸਾਹਿਤ ਦੀਆਂ ਕਿਤਾਬਾਂ ਵੀ ਉੱਥੇ ਮੁਹੱਈਆ ਕਰਵਾਈਆਂ ਗਈਆਂ ਹਨ ਤੇ ਸਾਰੇ ਪੰਜਾਬੀਆਂ ਨੂੰ ਸਾਲ ਵਿਚ ਇਕ ਵਾਰ ਆਪਣੇ ਬੱਚਿਆਂ ਨੂੰ ਵੀਹ ਦਿਨਾਂ ਲਈ ਉੱਥੇ ਅੰਦਰ ਬਣੇ ਹੋਸਟਲ ਵਿਚ ਇਕੱਠੇ ਭੇਜਣ ਲਈ ਕਿਹਾ ਜਾਂਦਾ ਹੈ। ਇਸ ਨਾਲ ਸਾਰੇ ਪੰਜਾਬੀ ਮੂਲ ਵਾਲੇ ਬੱਚਿਆਂ ਦੀ ਸਾਂਝ ਵੀ ਬਣੀ ਰਹਿੰਦੀ ਹੈ ਤੇ ਉਨ੍ਹਾਂ ਦੀ ਆਪਣੇ ਪਿਛੋਕੜ ਤੇ ਸੱਭਿਆਚਾਰ ਨਾਲ ਜਾਣ-ਪਛਾਣ ਵੀ ਹੁੰਦੀ ਰਹਿੰਦੀ ਹੈ। ਧਾਰਮਿਕ ਸਮਾਗਮ ਵੀ ਕਰਵਾਏ ਜਾਂਦੇ ਹਨ, ਜਿੱਥੇ ਬੱਚਿਆਂ ਨੂੰ ਸ਼ਬਦ ਗਾਉਣ ਲਈ

ਉਤਸਾਹਿਤ ਕੀਤਾ ਜਾਂਦਾ ਹੈ। ਇਸ ਤਰ੍ਹਾਂ ਪੰਜਾਬੀ ਬੱਚਾ ਭਾਵੇਂ ਕਿੰਨਾ ਵੀ ਪੱਛਮੀ ਸੱਭਿਅਤਾ ਵਿਚ ਰੰਗਿਆ ਜਾਵੇ, ਪਰ ਆਪਣੀ ਬੋਲੀ ਬਾਰੇ ਜਾਣੂੰ ਰਹਿੰਦਾ ਹੈ ਤੇ ਹੋਰ ਵੀ ਆਪਣੇ ਵਰਗਿਆਂ ਦੀ ਹੋਂਦ ਦੇ ਅਹਿਸਾਸ ਨਾਲ ਉਸ ਅੰਦਰ ਓਪਰੇ ਦੇਸ ਵਿਚ ਵੀ ਅੰਦਰੂਨੀ ਤਾਕਤ ਬਣੀ ਰਹਿੰਦੀ ਹੈ।

ਇਹ ਸਭ ਕੁੱਝ ਬੱਚੇ ਨੂੰ ਆਪਣੀ ਵੱਖਰੀ ਪਛਾਣ ਤੇ ਹੋਂਦ ਕਾਇਮ ਕਰਨ ਵਿਚ ਸਹਾਈ ਹੁੰਦਾ ਹੈ ਤੇ ਭੀੜ ਪੈਣ 'ਤੇ ਪੰਜਾਬ ਵਿਚਲੇ ਪੰਜਾਬੀ ਵੀ ਪਰਵਾਸੀ ਪੰਜਾਬੀਆਂ ਦੀ ਹਮਾਇਤ ਵਿਚ ਉੱਠ ਖੜੇ ਹੁੰਦੇ ਹਨ।

ਸੱਚ ਹੀ ਤਾਂ ਹੈ :

ਸਾਨੂੰ ਗੁੜ੍ਹਤੀ ਦੇ ਵਿਚ ਨੁਸਖ਼ਾ ਮਿਲਿਆ ਜਾਨ ਲੜਾਉਣ ਦਾ,
ਆਪਣੇ ਖ਼ੂਨ ਦਾ ਇਕ ਇਕ ਕਤਰਾ ਦੇਸ ਲਈ ਵਹਾਉਣ ਦਾ,
ਸਾਡੇ ਬਜ਼ੁਰਗਾਂ ਗੁਰ ਦੱਸਿਆ ਹਿੱਕ ਤਾਣ ਕੇ ਜੀਉਣ ਦਾ,
ਸਾਨੂੰ ਮਾਣ ਰਹੇਗਾ ਸਦੀਆਂ ਤਕ ਪੰਜਾਬੀ ਹੋਣ ਦਾ।

ਜੇ ਪਰਵਾਸੀ ਪੰਜਾਬੀਆਂ ਨੇ ਆਪਣੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਬੰਨ੍ਹੀ ਰੱਖਣਾ ਹੈ ਤਾਂ ਇਸ ਸਭ ਕਾਸੇ ਲਈ ਪੰਜਾਬੀ ਬੋਲੀ ਨੂੰ ਜ਼ਿੰਦਾ ਰੱਖਣਾ ਜ਼ਰੂਰੀ ਹੈ। ਇਸ ਦਾ ਮਤਲਬ ਸਾਫ਼ ਹੈ ਕਿ ਪਰਵਾਸੀ ਪੰਜਾਬੀ ਘਰਾਂ ਵਿਚ ਆਪਣੇ ਬੱਚਿਆਂ ਨਾਲ ਪੰਜਾਬੀ ਵਿਚ ਗੱਲਬਾਤ ਕਰਨ ਤਾਂ ਹੀ ਇਹ ਜ਼ਬਾਨ ਜ਼ਿੰਦਾ ਰਹਿ ਸਕਦੀ ਹੈ, ਨਹੀਂ ਤਾਂ ਇਸ ਦੀ ਮੌਤ ਤੀਸਰੀ ਪੀੜ੍ਹੀ ਤਕ ਨਿਸ਼ਚਿਤ ਹੋ ਜਾਣੀ ਹੈ।

ਇਕ ਗੱਲ ਤਾਂ ਪੱਕੀ ਹੈ ਕਿ ਅਮਰੀਕਨ ਲੋਕ ਪੰਜਾਬੀਆਂ ਨੂੰ ਪੂਰੀ ਤਰ੍ਹਾਂ ਆਪਣੇ ਵਿਚ ਰਲਣ ਨਹੀਂ ਦੇਣ ਲੱਗੇ ਤੇ ਕਹਾਉਣਗੇ ਉਹ ਪਰਵਾਸੀ ਪੰਜਾਬੀ ਹੀ। ਜੇ ਪਰਵਾਸੀ ਪੰਜਾਬੀ ਆਪਣੀ ਮਾਂ-ਬੋਲੀ ਨੂੰ ਆਪਣੇ ਬੱਚਿਆਂ ਤਕ ਨਾ ਪਹੁੰਚਾ ਸਕੇ ਤਾਂ ਉਨ੍ਹਾਂ ਦੇ ਬੱਚੇ ਪੰਜਾਬ ਦੀ ਧਰਤੀ ਨਾਲ ਕੀ ਮੋਹ ਪਾਲਣਗੇ ਤੇ ਪੰਜਾਬ ਵਿਚਲੇ ਪੰਜਾਬੀ ਉਨ੍ਹਾਂ ਦੀ ਮਦਦ ਲਈ ਕਿਵੇਂ ਅੱਗੇ ਆਉਣਗੇ ?

ਪਰਵਾਸੀ ਪੰਜਾਬੀਆਂ ਦੀ ਦੂਜੀ ਜਾਂ ਤੀਜੀ ਪੀੜ੍ਹੀ ਦੇ ਬਥੇਰੇ ਬੱਚੇ ਐਸੇ ਹਨ, ਜਿਨ੍ਹਾਂ ਨੇ ਪੰਜਾਬ ਦੀ ਧਰਤੀ 'ਤੇ ਕਦੇ ਪੈਰ ਪਾਇਆ ਹੀ ਨਹੀਂ। ਉਨ੍ਹਾਂ ਦਾ ਪੰਜਾਬੀ ਬੋਲ ਤੇ ਸੱਭਿਆਚਾਰ ਤੋਂ ਨਾਤਾ ਟੁੱਟ ਚੁੱਕਿਆ ਹੈ। ਅਜਿਹੇ ਬੱਚੇ ਪੰਜਾਬੀ ਬੋਲੀ ਨਾਲ ਕੀ ਮੋਹ ਪਾਲ ਸਕਦੇ ਹਨ ? ਅਫ਼ਸੋਸ ਦੀ ਗੱਲ ਇਹ ਹੈ ਕਿ ਉਨ੍ਹਾਂ ਦੇ ਮਾਪੇ ਉਨ੍ਹਾਂ ਨੂੰ ਵੱਖਰੀ ਪਛਾਣ ਹੀ ਨਹੀਂ ਦੇ ਸਕੇ ਤੇ ਅਜਿਹੇ ਬੱਚੇ ਅਮਰੀਕਨਾਂ ਦੀ ਵੱਡੀ ਭੀੜ ਵਿਚ ਗੁੰਮ ਜਾਣ ਲਈ ਤਿਆਰ ਹਨ, ਭਾਵੇਂ ਜਾਤ ਅਤੇ ਰੰਗ ਦੇ ਵਿਤਕਰੇ ਨੂੰ ਵੀ ਸਹਿਣਾ ਪਵੇ।

ਹੁਣ ਸਵਾਲ ਇਹ ਉੱਠਦਾ ਹੈ ਕਿ ਉਹ ਪਰਵਾਸੀ ਪੰਜਾਬੀ ਜਿਨ੍ਹਾਂ ਦੇ ਦਿਲ ਅੰਦਰ ਪੰਜਾਬ ਦੀ ਧਰਤੀ ਨਾਲ ਮੋਹ ਅਜੇ ਜ਼ਿੰਦਾ ਹੈ ਅਤੇ ਆਪਣੀ ਮਾਂ-ਬੋਲੀ 'ਤੇ

ਫ਼ਖ਼ਰ ਮਹਿਸੂਸ ਕਰਦੇ ਹਨ, ਮਾਂ-ਬੋਲੀ ਨੂੰ ਜ਼ਿੰਦਾ ਰੱਖਣ ਲਈ ਕੀ ਕਰਨ ? ਇਹ ਤਾਂ ਪੱਕੀ ਗੱਲ ਹੈ ਕਿ ਜੇ ਪਰਵਾਸੀ ਪੰਜਾਬੀ ਦੁਨੀਆ ਭਰ ਵਿਚ ਫ਼ਖ਼ਰ ਨਾਲ ਸਿਰ ਉੱਚਾ ਕਰ ਕੇ ਫਿਰ ਰਹੇ ਹਨ ਤਾਂ ਆਪਣੇ ਪਿਛੋਕੜ ਤੇ ਇਤਿਹਾਸ ਕਾਰਨ।

ਮਿਹਨਤੀ ਪੰਜਾਬੀ ਕਿਤੇ ਵੀ ਜਾ ਕੇ ਸਿਖਰਾਂ 'ਤੇ ਪਹੁੰਚਣ ਦੀ ਹਿੰਮਤ ਰੱਖਦੇ ਹਨ। ਆਪਣੇ ਦੇਸ-ਪਿਆਰ, ਖ਼ਾਸਕਰ ਪੰਜਾਬ ਦੀ ਧਰਤੀ ਨਾਲ ਖਿੱਚ ਬਹੁਤ ਸਾਰੇ ਪਰਵਾਸੀਆਂ ਨੂੰ ਪੰਜਾਬ ਦੀ ਤਰੱਕੀ ਵਾਸਤੇ ਪੈਸਾ ਖ਼ਰਚਣ 'ਤੇ ਮਜਬੂਰ ਕਰ ਦਿੰਦੀ ਹੈ।

ਅਮਰੀਕਨ ਭਾਸ਼ਾ-ਵਿਗਿਆਨੀਆਂ ਅਨੁਸਾਰ ਪੰਜਾਬੀ ਬੋਲੀ ਦਾ ਪਰਵਾਸੀ ਪੰਜਾਬੀਆਂ ਵਿਚ ਅਗਲੇ ਪੰਜਾਹ ਸਾਲਾਂ ਵਿਚ ਭੋਗ ਪੈ ਜਾਏਗਾ। ਪਰ ਮੈਨੂੰ ਡਰ ਹੈ ਕਿ ਜੋ ਹਾਲਾਤ ਪੰਜਾਬੀ ਬੋਲੀ ਦੇ ਪੰਜਾਬ ਵਿਚ ਹਨ, ਕਿਤੇ ਪੰਜਾਬ ਵਿਚ ਹੀ ਉਸ ਤੋਂ ਪਹਿਲਾਂ ਇਸ ਬੋਲੀ ਦੀ ਕਬਰ ਨਾ ਪੁੱਟੀ ਜਾਏ।

ਜੇ ਪਰਵਾਸੀ ਪੰਜਾਬੀ ਕੁੱਝ ਹਿੰਮਤ ਕਰ ਸਕਣ ਤਾਂ ਇਸ ਤਰ੍ਹਾਂ ਆਪਣੀ ਮਾਂ-ਬੋਲੀ ਨੂੰ ਪ੍ਰਫੁੱਲਿਤ ਕਰ ਸਕਦੇ ਹਨ :

1. ਪੰਜਾਬੀ ਫ਼ੌਂਟ ਦੇ ਕੰਪਿਊਟਰ ਪੰਜਾਬ ਦੇ ਬੈਂਕਾਂ ਤੇ ਹਰ ਵੱਡੀਆਂ ਕੰਪਨੀਆਂ ਵਿਚ ਰੱਖਣੇ ਲਾਜ਼ਮੀ ਕਰਵਾ ਦਿੱਤੇ ਜਾਣ, ਜਿਨ੍ਹਾਂ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਉਨ੍ਹਾਂ ਦਾ ਵਾਸਤਾ ਹੋਵੇ।
2. ਮਾਂ-ਬੋਲੀ ਪੰਜਾਬੀ ਦੇ ਕਾਇਦੇ ਹਰ ਪਰਵਾਸੀ ਦੇ ਘਰ ਹੋਣੇ ਲਾਜ਼ਮੀ ਹਨ।
3. ਬੱਚਿਆਂ ਲਈ ਵਧੀਆ ਸਾਹਿਤ ਘੜ੍ਹਨ ਲਈ ਲੇਖਕਾਂ ਨੂੰ ਉਤਸਾਹਿਤ ਕਰਨਾ ਜ਼ਰੂਰੀ ਹੈ ਤਾਂ ਜੋ ਬੱਚਾ ਕਿਤਾਬ ਪੜ੍ਹਨ ਲਈ ਮਾਂ-ਬੋਲੀ ਸਿੱਖਣ 'ਤੇ ਮਜਬੂਰ ਹੋ ਜਾਵੇ।
4. ਪੰਜਾਬੀ ਪੜ੍ਹਾਉਣ ਵਾਲੇ ਉਸਤਾਦ ਆਪਣੀ ਬੋਲੀ ਵਿਚ ਪੂਰੀ ਮੁਹਾਰਤ ਹਾਸਿਲ ਕਰਨ ਤੇ ਦਿਲ ਲਾ ਕੇ ਪੰਜਾਬੀ ਪੜ੍ਹਾਉਣ। ਇਸ ਵਾਸਤੇ ਜੇ ਪਰਵਾਸੀ ਮਹੀਨੇ ਦੇ ਪੰਜਾਹ ਡਾਲਰ ਵੀ ਪੰਜਾਬ ਵਿਚਲੇ ਪੰਜਾਬੀ ਦੇ ਮਾਹਿਰ ਉਸਤਾਦ ਲਈ ਭੇਜਣਾ ਸ਼ੁਰੂ ਕਰ ਦੇਣ ਤਾਂ ਪੰਜਾਬੀ ਜ਼ਬਾਨ ਦੇ ਕਈ ਉਪਾਸਕ ਪੈਦਾ ਹੋ ਜਾਣਗੇ ਤੇ ਮਰਦੀ ਜ਼ਬਾਨ ਵਿਚ ਜਾਨ ਪੈ ਜਾਵੇਗੀ। ਇਸ ਲਈ ਸੰਸਥਾ ਵੀ ਤਿਆਰ ਕੀਤੀ ਜਾ ਸਕਦੀ ਹੈ। ਇਸ ਨਾਲ ਗਲੀ ਗਲੀ ਖੁੱਲ੍ਹਦੇ ਅੰਗਰੇਜ਼ੀ ਮਾਧਿਅਮ ਦੇ ਪ੍ਰੀ-ਨਰਸਰੀ ਸਕੂਲਾਂ ਵਿਚ ਵੀ ਠੱਲ੍ਹ ਪੈ ਜਾਵੇਗੀ।
5. ਜੇ ਈਸਾਈ ਧਰਮ ਦੇ ਸਾਹਿਤ ਦਾ ਤਰਜਮਾ ਪੰਜਾਬੀ ਵਿਚ ਹੋ ਸਕਦਾ ਹੈ ਤਾਂ ਆਪਣੇ ਧਰਮ ਦਾ ਤਰਜਮਾ ਅੰਗਰੇਜ਼ੀ ਵਿਚ ਕਰ ਕੇ ਅੰਗਰੇਜ਼ ਬੱਚਿਆਂ ਨੂੰ ਵੀ ਵੰਡਿਆ ਜਾ ਸਕਦਾ ਹੈ ਤਾਂ ਜੋ ਉਹ ਵੀ ਇਸ ਪਿਛੋਕੜ ਬਾਰੇ ਜਾਨਣ ਜਿਸ 'ਤੇ ਪੰਜਾਬੀ ਫ਼ਖ਼ਰ ਕਰਦੇ ਹਨ।
6. ਜੇ ਪਰਵਾਸੀ ਪੰਜਾਬੀ ਪਿੰਡਾਂ ਦੇ ਬਾਹਰ ਵੱਡੇ ਵੱਡੇ ਗੇਟ ਬਣਾਉਣ 'ਤੇ ਖ਼ਰਚਾ

ਕਰ ਸਕਦੇ ਹਨ ਤਾਂ ਆਪਣੇ ਪਿੰਡ ਵਿਚ ਵਧੀਆ ਸਕੂਲ ਕਿਉਂ ਨਹੀਂ ਖੋਲ੍ਹ ਸਕਦੇ, ਜਿਸ ਵਿਚ ਪਹਿਲੇ ਚਾਰ ਸਾਲ ਤਾਂ ਘੱਟੋ ਘੱਟ ਮਾਂ-ਬੋਲੀ ਪੰਜਾਬੀ ਪੜ੍ਹਾਈ ਜਾ ਸਕੇ ਤੇ ਅੱਗੋਂ ਭਾਵੇਂ ਜਿੰਨੀਆਂ ਮਰਜ਼ੀ ਭਾਸ਼ਾਵਾਂ ਵਿਚ ਬੱਚਾ ਪਰਪੱਕ ਹੋ ਜਾਵੇ। ਇਹ ਬੱਚੇ ਦੀ ਵਧੀਆ ਮਾਨਸਿਕਤਾ ਲਈ ਜ਼ਰੂਰੀ ਹੈ।

7. ਕਿੱਤਾ ਮੁਹੱਈਆ ਕਰਵਾਉਣ ਵਾਲੀਆਂ ਸੰਸਥਾਵਾਂ ਵੀ ਖੋਲ੍ਹੀਆਂ ਜਾ ਸਕਦੀਆਂ ਹਨ, ਜਿਨ੍ਹਾਂ ਨਾਲ ਨੌਜਵਾਨ ਪੰਜਾਬੀਆਂ ਦੀ ਮਾਲੀ ਹਾਲਤ ਬਿਹਤਰ ਹੋ ਜਾਵੇਗੀ ਤੇ ਵਤਨੋਂ ਪਾਰ ਜਾਣ ਦੀ ਹੋੜ ਵੀ ਕੁੱਝ ਘਟੇਗੀ।
8. ਆਮ ਹੀ ਵੇਖਿਆ ਗਿਆ ਹੈ ਕਿ ਪਰਵਾਸੀ ਪੰਜਾਬੀ 50-60 ਲੱਖ ਇਕ ਇਕ ਟੂਰਨਾਮੈਂਟ 'ਤੇ ਖ਼ਰਚ ਕਰ ਦਿੰਦੇ ਹਨ। ਜੇ ਇਸ ਦਾ ਦਸਵਾਂ ਹਿੱਸਾ ਵੀ ਪੰਜਾਬੀ ਜ਼ਬਾਨ ਨੂੰ ਪ੍ਰਫੁੱਲਿਤ ਕਰਨ ਵਿਚ ਲਗਾ ਦੇਣ ਤਾਂ ਪੰਜਾਬ ਦੀ ਨੁਹਾਰ ਹੀ ਬਦਲ ਜਾਵੇਗੀ।

ਵਧੀਆ ਸਾਹਿਤ ਦੀ ਘਾਟ ਹੀ ਪੰਜਾਬੀ ਜ਼ਬਾਨ ਨੂੰ ਹੇਠਾਂ ਵੱਲ ਧੱਕ ਰਹੀ ਹੈ ਤੇ ਨੌਜਵਾਨ ਪੀੜ੍ਹੀ ਇਸ ਜ਼ਬਾਨ ਨੂੰ ਕਿੱਤਾ ਮੁਹੱਈਆ ਕਰਵਾਉਣ ਤੋਂ ਅਸਮਰੱਥ ਸਮਝ ਕੇ ਇਸ ਨੂੰ ਨੀਵੀਂ ਸਮਝਦੇ ਹੋਏ ਇਸ ਤੋਂ ਪਰ੍ਹਾਂ ਵੱਲ ਖਿੱਚੀ ਜਾ ਰਹੀ ਹੈ।

ਪੰਜਾਬੀ ਵਿਚ ਲਿਖੇ ਸਾਹਿਤ ਨੂੰ ਪ੍ਰੋਤਸਾਹਿਤ ਕਰਨ ਲਈ ਪਰਵਾਸੀ ਪੰਜਾਬੀ ਬਹੁਤ ਵੱਡਾ ਰੋਲ ਅਦਾ ਕਰ ਸਕਦੇ ਹਨ।

ਹਰ ਪੰਜਾਬੀ ਲਈ, ਭਾਵੇਂ ਉਹ ਪੰਜਾਬ ਵਿਚ ਹੈ ਤੇ ਭਾਵੇਂ ਸੱਤ ਸਮੁੰਦਰ ਪਾਰ, ਇਹ ਗੱਲ ਯਾਦ ਰੱਖਣ ਵਾਲੀ ਹੈ:

ਸਾਡੀ ਜਾਤ ਏ ਪੰਜਾਬੀ, ਸਾਡੀ ਪਾਤ ਏ ਪੰਜਾਬੀ
ਸਾਨੂੰ ਲਾਡ ਲਡਾਉਣ ਵਾਲੀ ਮਾਤ ਏ ਪੰਜਾਬੀ
ਸਾਡਾ ਦੀਨ ਈਮਾਨ ਤੇ ਔਕਾਤ ਏ ਪੰਜਾਬੀ
ਕਿਤੇ ਭੁੱਲ ਨਾ ਜਾਇਓ ਪੰਜਾਬੀਓ!
ਗੁਰੂਆਂ ਤੇ ਪੀਰਾਂ ਵੱਲੋਂ ਮਿਲੀ ਸੌਗਾਤ ਏ ਪੰਜਾਬੀ।

•

7

ਬੱਚਿਆਂ ਵਿਚ ਕਿਤਾਬਾਂ ਪੜ੍ਹਨ ਦੀ ਰੁਚੀ ਕਿਵੇਂ ਪੈਦਾ ਕੀਤੀ ਜਾਏ ?

ਮੈਂ ਕੋਈ ਸਥਾਪਿਤ ਸਾਹਿਤਕਾਰ ਨਹੀਂ ਹਾਂ, ਨਾ ਹੀ ਸਿੱਖਿਆ-ਸ਼ਾਸਤਰੀ ਹਾਂ। ਕਈ ਵਾਰ ਮੈਂ ਆਪਣੇ ਆਪ ਨੂੰ ਬੜੀ ਅਜੀਬ ਜਿਹੀ ਸਥਿਤੀ ਵਿਚ ਮਹਿਸੂਸ ਕੀਤਾ ਹੈ। ਜਦੋਂ ਡਾਕਟਰਾਂ ਦੇ ਇਕੱਠ ਵਿਚ ਖੜ੍ਹੇ ਹੋਵੋ ਤਾਂ ਬਹੁਤੇ ਕਹਿ ਦਿੰਦੇ ਹਨ, "ਇਹ ਤਾਂ ਲੇਖਿਕਾਵਾਂ ਵਿਚ ਹੋਣੀ ਚਾਹੀਦੀ ਹੈ।" ਜਦੋਂ ਲਿਖਾਰੀਆਂ ਵਿਚ ਖੜ੍ਹੇ ਹੋਵੋ ਤਾਂ ਸਾਰੇ "ਇਹ ਤਾਂ ਡਾਕਟਰ ਹੈ" ਕਹਿ ਕੇ ਪਾਸੇ ਕਰ ਦਿੰਦੇ ਹਨ। ਕੁੱਝ ਅਜਿਹੀ ਹੀ ਸਥਿਤੀ ਸੋਲ੍ਹਾਂ ਸਤਾਰਾਂ ਵਰ੍ਹਿਆਂ ਦੀ ਉਮਰ ਦੇ ਬੱਚੇ ਵਿਚ ਵੀ ਹੁੰਦੀ ਹੈ। ਨਾ ਉਸ ਉਮਰ ਵਿਚ ਛੋਟੇ ਬੱਚੇ ਉਸ ਨੂੰ ਆਪਣੇ ਨਾਲ ਰਲਾਉਂਦੇ ਹਨ ਤੇ ਨਾ ਹੀ ਜਵਾਨ ਹੋ ਚੁੱਕੇ ਲੋਕ। ਇਸੇ ਲਈ ਬਹੁਤੇ ਬੱਚੇ ਇਸ ਉਮਰ ਵਿਚ ਇਕੱਲੇਪਨ ਦਾ ਸ਼ਿਕਾਰ ਹੋ ਜਾਂਦੇ ਹਨ ਜਾਂ ਭਟਕ ਵੀ ਜਾਂਦੇ ਹਨ। ਇਨ੍ਹਾਂ ਬੱਚਿਆਂ ਨੂੰ ਬੰਨ੍ਹੀ ਰੱਖਣ ਵਾਸਤੇ ਅਤੇ ਟੈਲੀਵਿਜ਼ਨ ਦੇ ਮਾੜੇ ਅਸਰਾਂ ਤੋਂ ਬਚਾਉਣ ਵਾਸਤੇ ਚੰਗਾ ਸਾਹਿਤ ਪੜ੍ਹਨ ਦੀ ਰੁਚੀ ਬਹੁਤ ਸਹਾਈ ਹੋ ਸਕਦੀ ਹੈ।

ਦਰਅਸਲ ਹਰ ਉਮਰ ਦੇ ਹਿਸਾਬ ਨਾਲ ਵੱਖਰੀ ਕਿਤਾਬ ਮੁਹੱਈਆ ਹੋਣੀ ਚਾਹੀਦੀ ਹੈ। ਜਦੋਂ ਵੀ ਕਿਤੇ ਕਿਸੇ ਵਿਹਲੇ ਬੈਠੇ ਬੰਦੇ ਨੂੰ ਨੇੜੇ ਤੇੜੇ ਪਈ ਕੋਈ ਪੜ੍ਹਨ ਵਾਲੀ ਕਿਤਾਬ ਜਾਂ ਅਖ਼ਬਾਰ ਮਿਲ ਜਾਏ ਤਾਂ ਉਹ ਚੁੱਕ ਕੇ ਫਰੋਲਣ ਲੱਗ ਪੈਂਦਾ ਹੈ ਅਤੇ ਜੇ ਉਸ ਵਿਚ ਕੁੱਝ ਵਧੀਆ ਪੜ੍ਹਨ ਨੂੰ ਲੱਭ ਜਾਂਦਾ ਹੈ ਤਾਂ ਕਈ ਵਾਰ ਬੰਦਾ ਏਨਾ ਰੁੱਝ ਜਾਂਦਾ ਹੈ ਕਿ ਆਪਣਾ ਅਸਲੀ ਕੰਮ ਉਸ ਨੂੰ ਚੇਤੇ ਹੀ ਨਹੀਂ ਰਹਿੰਦਾ।

ਬੱਚਿਆਂ ਵਿਚ ਵੀ ਅਜਿਹਾ ਹੀ ਵਾਪਰਦਾ ਹੈ। ਬਹੁਤ ਛੋਟੇ ਬੱਚੇ ਨੂੰ ਕਿਤਾਬ ਜਾਂ ਕਾਗਜ਼ ਫੜਨ ਦਾ ਸ਼ੌਕ ਹੁੰਦਾ ਹੈ। ਛੇ ਮਹੀਨੇ ਦਾ ਬੱਚਾ ਤਾਂ ਉਸ ਨੂੰ ਫੜ ਕੇ ਮੂੰਹ ਵਿਚ ਚੱਬ ਕੇ ਸੁਆਦ ਚੱਖਣ ਦਾ ਚਾਹਵਾਨ ਹੁੰਦਾ ਹੈ। ਫੇਰ ਅੱਧਾ ਕੁ ਕਾਗਜ਼ ਅੰਦਰ ਲੰਘਾ ਕੇ ਅੱਧਾ ਕੁ ਆਪਣੀ ਥੁੱਕ ਵਿਚ ਲਬੇੜ ਕੇ ਬਾਹਰ ਸੁੱਟ ਦਿੰਦਾ ਹੈ।

ਇਸੇ ਉਮਰ ਤੋਂ ਹੀ ਬੱਚੇ ਨੂੰ ਕਿਤਾਬ ਪੜ੍ਹਨ ਦਾ ਸ਼ੌਕ ਪਾਇਆ ਜਾ ਸਕਦਾ ਹੈ। ਜੇ ਬੱਚੇ ਨੂੰ ਕਿਤਾਬ ਦੇ ਬਾਹਰ ਹੀ ਕਿਸੇ ਖ਼ੂਬਸੂਰਤ ਬੱਚੇ ਨੂੰ ਪਿਆਰ ਕਰਦੀ

ਮਾਂ ਦੀ ਤਸਵੀਰ ਜਾਂ ਪਿਆਰਾ ਜਿਹਾ ਖ਼ਰਗੋਸ਼ ਜਾਂ ਗੂੜ੍ਹੇ ਤੇ ਰੰਗ-ਬਿਰੰਗੇ ਰੰਗਾਂ ਵਿਚ ਚਿੜੀ ਬਣੀ ਦਿਸ ਜਾਏ ਤਾਂ ਉਹ ਬਦੋਬਦੀ ਉਸ ਵੱਲ ਖਿੱਚਿਆ ਜਾਂਦਾ ਹੈ।

ਕਿਤਾਬ ਅੰਦਰ ਜੇ ਖ਼ੂਬਸੂਰਤ ਰੰਗ-ਬਿਰੰਗੀਆਂ ਤਸਵੀਰਾਂ ਹੋਣ ਤੇ ਪੰਨੇ ਲਿਸ਼ਕਦਾਰ ਹੋਣ ਦੇ ਨਾਲ ਨਾਲ ਕੁੱਝ ਮੋਟੇ ਵੀ ਹੋਣ ਤਾਂ ਛੇਤੀ ਫਟਦੇ ਨਹੀਂ ਤੇ ਬੱਚੇ ਉਸ ਨੂੰ ਆਰਾਮ ਨਾਲ ਸਾਰਾ ਦਿਨ ਘੜੀਸੀ ਫਿਰਦੇ ਹਨ।

ਕੁੱਝ ਬੱਚੇ ਤਾਂ ਕਿਤਾਬ ਨਾਲ ਇਸ ਤਰ੍ਹਾਂ ਦਾ ਲਗਾਓ ਪਾਲਦੇ ਹਨ ਕਿ ਨਹਾਉਣ ਲੱਗਿਆਂ ਵੀ ਉਸ ਨੂੰ ਛੱਡਦੇ ਨਹੀਂ। ਇਸੇ ਲਈ ਕਈ ਦੇਸਾਂ ਵਿਚ ਪਲਾਸਟਿਕ ਦੀਆਂ ਕਿਤਾਬਾਂ ਹੋਂਦ ਵਿਚ ਆ ਚੁੱਕੀਆਂ ਹਨ, ਜਿਹੜੀਆਂ ਬੱਚੇ ਨਹਾਉਂਦੇ ਹੋਏ ਵੀ ਆਪਣੀ ਬਾਲਟੀ ਵਿਚ ਨਾਲ ਲੈ ਕੇ ਬਹਿ ਜਾਂਦੇ ਹਨ ਤੇ ਵਰਕੇ ਫਰੋਲਦੇ ਰਹਿੰਦੇ ਹਨ।

ਇਸ ਤਰ੍ਹਾਂ ਕਰਨ ਨਾਲ ਬੱਚਿਆਂ ਦਾ ਕਿਤਾਬ ਪ੍ਰਤਿ ਮੋਹ ਵਧਦਾ ਰਹਿੰਦਾ ਹੈ। ਇਸ ਦੇ ਉਲਟ ਜੇ ਕਿਤਾਬ ਫਟਣ ਦੇ ਡਰ ਤੋਂ ਬੱਚੇ ਤੋਂ ਪਰ੍ਹਾਂ ਰੱਖ ਲਈ ਜਾਵੇ ਤੇ ਉਸ ਨੂੰ ਵਰਕੇ ਫਰੋਲਣ ਦੀ ਵੀ ਇਜਾਜ਼ਤ ਨਾ ਦਿੱਤੀ ਜਾਵੇ ਤਾਂ ਬੱਚਾ ਹੌਲੀ ਹੌਲੀ ਉਸ ਤੋਂ ਪਰ੍ਹਾਂ ਹੋ ਜਾਂਦਾ ਹੈ।

ਮਾਪਿਆਂ ਵੱਲੋਂ ਬੱਚੇ ਤੋਂ ਕਿਤਾਬ ਪਰ੍ਹਾਂ ਖਿੱਚਣ ਦਾ ਵੀ ਕਾਰਨ ਹੁੰਦਾ ਹੈ। ਕਿਤਾਬ ਦੇ ਪੰਨੇ ਪਤਲੇ ਹੋਣ ਕਰਕੇ ਉਨ੍ਹਾਂ ਦੇ ਫਟਣ ਦੇ ਡਰ ਤੋਂ ਕਿਤਾਬ ਪਰ੍ਹਾਂ ਕਰ ਲਈ ਜਾਂਦੀ ਹੈ। ਦੂਸਰੀ ਤੇ ਜ਼ਰੂਰੀ ਗੱਲ ਇਹ ਹੁੰਦੀ ਹੈ ਕਿ ਬਹੁਤੇ ਮਾਪੇ ਆਪ ਹੀ ਕਿਤਾਬਾਂ ਪੜ੍ਹਨ ਦੇ ਸ਼ੌਕੀਨ ਨਹੀਂ ਹੁੰਦੇ। ਇਸੇ ਲਈ ਦੁਬਾਰਾ ਕਿਤਾਬ ਖ਼ਰੀਦਣ ਦਾ ਸਵਾਲ ਹੀ ਨਹੀਂ ਉਠਦਾ। ਕੁੱਝ ਮਾਪਿਆਂ ਵੱਲੋਂ ਕਿਤਾਬ ਨਾਲੋਂ ਖਿਡੌਣਿਆਂ ਵਾਸਤੇ ਤਰਜੀਹ ਦਿੱਤੀ ਜਾਂਦੀ ਹੈ, ਕਿਉਂਕਿ ਬਹੁਤੇ ਮਾਪਿਆਂ ਨੂੰ ਇਸ ਬਾਰੇ ਉੱਕਾ ਹੀ ਜਾਣਕਾਰੀ ਨਹੀਂ ਹੁੰਦੀ ਕਿ ਬੱਚੇ ਦੀ ਮਾਨਸਿਕਤਾ ਵਾਸਤੇ ਕਿਤਾਬ ਦੀ ਕੀ ਮਹੱਤਾ ਹੈ।

ਤੀਜੀ ਜ਼ਰੂਰੀ ਗੱਲ ਇਹ ਹੈ ਕਿ ਕਿਤਾਬਾਂ ਮਹਿੰਗੀਆਂ ਹੋਣ ਕਾਰਨ ਵੀ ਕੁੱਝ ਮਾਪੇ ਦੁਬਾਰਾ ਖ਼ਰੀਦਣ ਦਾ ਹੀਆ ਨਹੀਂ ਕਰਦੇ।

ਥੋੜਾ ਵੱਡਾ ਬੱਚਾ ਆਪਣੀ ਇਕ ਉਂਗਲ ਅਤੇ ਅੰਗੂਠੇ ਦੀ ਮਦਦ ਨਾਲ ਕਿਤਾਬ ਦਾ ਇਕੱਲਾ ਇਕੱਲਾ ਵਰਕਾ ਬਦਲਣਾ ਸ਼ੁਰੂ ਕਰਦਾ ਹੈ। ਇਸ ਵੇਲੇ ਉਹ ਤਸਵੀਰਾਂ ਦੇ ਨਾਲ ਉਸ ਵਿਚ ਜੁੜੀ ਕਹਾਣੀ ਵੀ ਸਮਝਣੀ ਚਾਹੁੰਦਾ ਹੈ।

ਜੇ ਲਗਾਤਾਰ ਕਹਾਣੀ ਸੁਣਾਉਣ ਦੀ ਆਦਤ ਪਾਈ ਜਾਏ ਤਾਂ ਬੱਚੇ ਨੂੰ ਵੱਡੀ ਉਮਰ ਤਕ ਇਹ ਸ਼ੌਕ ਬਰਕਰਾਰ ਰਹੇਗਾ। ਜੇ ਟੈਲੀਵਿਜ਼ਨ ਜਾਂ ਵੀਡੀਓ ਗੇਮਾਂ ਵੱਲ ਧੱਕ ਦਿੱਤਾ ਜਾਏ ਤਾਂ ਕਿਤਾਬ ਦੀ ਵਕਤੀ ਖਿੱਚ ਬੱਚੇ ਨੂੰ ਹਮੇਸ਼ਾ ਲਈ ਇਸ ਤੋਂ ਪਰ੍ਹਾਂ ਕਰ ਦਿੰਦੀ ਹੈ।

ਜਵਾਨੀ ਵਿਚ ਕਦਮ ਧਰਦਾ ਬੱਚਾ ਵੀ ਬਹੁਤੀ ਵਾਰ ਆਪਣੇ ਕਿਤਾਬ ਪੜ੍ਹਨ ਦੇ ਸ਼ੌਕ ਨੂੰ ਲਗਾਤਾਰ ਚਾਲੂ ਨਹੀਂ ਰੱਖ ਸਕਦਾ, ਕਿਉਂਕਿ ਕਈ ਵਾਰ ਕਿਤਾਬ ਹੀ

ਬਹੁਤ ਮਹਿੰਗੀ ਹੁੰਦੀ ਹੈ ਤੇ ਬੱਚਾ ਖ਼ਰੀਦ ਹੀ ਨਹੀਂ ਸਕਦਾ ਜਾਂ ਮਾਪੇ ਇਸ ਨੂੰ ਫ਼ਜ਼ੂਲ ਖ਼ਰਚ ਕਹਿ ਕੇ ਛੱਡ ਦਿੰਦੇ ਹਨ। ਕਈ ਵਾਰ ਬੱਚਾ ਦੂਸਰੀ ਜ਼ਬਾਨ ਨੂੰ ਨਾ ਸਮਝਣ ਕਾਰਨ ਕੋਈ ਵਧੀਆ ਕਿਤਾਬ ਨਹੀਂ ਪੜ੍ਹ ਸਕਦਾ ਤੇ ਆਪਣੇ ਆਪ ਨੂੰ ਹੋਰ ਆਹਰੇ ਲਾ ਲੈਂਦਾ ਹੈ।

ਬੱਚੇ ਵਿਚ ਕਿਤਾਬਾਂ ਪੜ੍ਹਨ ਦੀ ਰੁਚੀ ਬਰਕਰਾਰ ਰੱਖਣ ਲਈ ਜਿੱਥੇ ਮਾਪਿਆਂ ਦਾ ਵੱਡਾ ਰੋਲ ਹੈ, ਉੱਥੇ ਸਰਕਾਰ ਦਾ ਵੀ ਅਹਿਮ ਰੋਲ ਹੈ।

ਸੋਵੀਅਤ ਰੂਸ ਨੇ ਕਈ ਸਾਲ ਪਹਿਲਾਂ ਇਕ ਫ਼ਾਰਮੂਲਾ ਅਜ਼ਮਾਇਆ ਸੀ, ਜਿਹੜਾ ਸਫਲ ਸਿੱਧ ਹੋਇਆ। ਉਨ੍ਹਾਂ ਬਹੁਤ ਵਧੀਆ ਕਿਸਮ ਦੀਆਂ ਬੱਚਿਆਂ ਦੀਆਂ ਕਹਾਣੀਆਂ ਦੀਆਂ ਕਿਤਾਬਾਂ ਬਹੁਤ ਹੀ ਸੋਹਣੇ ਤੇ ਲਿਸ਼ਕਦਾਰ ਪੰਨਿਆਂ ਉੱਤੇ ਛਾਪ ਕੇ ਅਤੇ ਖ਼ੂਬਸੂਰਤ ਤਸਵੀਰਾਂ ਸਮੇਤ ਵਧੀਆ ਦਿੱਖ ਵਾਲੀਆਂ ਬਣਾ ਕੇ ਮਾਰਕਿਟ ਵਿਚ ਲਿਆ ਸੁੱਟੀਆਂ। ਉਨ੍ਹਾਂ ਇਸ ਦੀ ਕੀਮਤ ਬਿਲਕੁਲ ਹੀ ਘੱਟ ਰੱਖੀ ਤੇ ਭਾਰਤ ਦੇ ਅਲੱਗ ਅਲੱਗ ਸ਼ਹਿਰਾਂ ਵਿਚ ਮਾਂ-ਬੋਲੀ ਦੇ ਹਿਸਾਬ ਨਾਲ ਤਰਜਮਾ ਵੀ ਕਰਵਾ ਦਿੱਤਾ।

ਨਤੀਜੇ ਵਜੋਂ ਵਿਕਰੀ ਹੋਣੀ ਸ਼ੁਰੂ ਹੋ ਗਈ ਤੇ ਇਕਦਮ ਇੰਜ ਜਾਪਿਆ ਜਿਵੇਂ ਮਾਰਕਿਟ ਵਿਚ ਕਿਤਾਬਾਂ ਦਾ ਹੜ੍ਹ ਹੀ ਆ ਗਿਆ ਹੋਵੇ। ਜਦੋਂ ਇਹ ਪਹਿਲਾ ਤਜਰਬਾ ਸਫਲ ਹੋ ਗਿਆ ਤਾਂ ਉਨ੍ਹਾਂ ਆਪਣੇ ਧਰਮ ਤੇ ਆਪਣੇ ਪਿਛੋਕੜ ਨੂੰ ਘਰ ਘਰ ਪਹੁੰਚਾਉਣ ਦਾ ਵੀ ਇਹ ਜ਼ਰੀਆ ਬਣਾ ਲਿਆ ਤਾਂ ਜੋ ਦੁਨੀਆ ਦੇ ਹਰ ਕੋਨੇ ਵਿਚ ਵੱਸਦੇ ਨਿੱਕੇ ਨਿੱਕੇ ਬੱਚੇ ਬਦੋਬਦੀ ਮਜ਼ੇਦਾਰ ਕਹਾਣੀਆਂ ਰਾਹੀਂ ਉਨ੍ਹਾਂ ਦੇ ਸਭਿਆਚਾਰ ਨਾਲ ਜਾਣ-ਪਛਾਣ ਕਾਇਮ ਕਰ ਲੈਣ।

ਘਰ ਘਰ ਪਹੁੰਚੀਆਂ ਸਸਤੀਆਂ ਤੇ ਵਧੀਆ ਕਹਾਣੀਆਂ ਦੀਆਂ ਕਿਤਾਬਾਂ ਨੇ ਸਾਰੀ ਦੁਨੀਆ ਵਿਚ ਸੋਵੀਅਤ ਰੂਸ ਦੀਆਂ ਧੁੰਮਾਂ ਪਾ ਦਿੱਤੀਆਂ।

ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਵਿਚ ਗਿਣਤੀ ਦੇ ਦੋ ਜਾਂ ਤਿੰਨ ਬੱਚਿਆਂ ਦੇ ਰਸਾਲੇ ਹਨ ਤੇ ਬਹੁਤ ਹੀ ਥੋੜ੍ਹੀਆਂ ਬੱਚਿਆਂ ਦੀਆਂ ਅਲੱਗ ਅਲੱਗ ਉਮਰ ਦੇ ਹਿਸਾਬ ਨਾਲ ਲਿਖੀਆਂ ਕਿਤਾਬਾਂ। ਮਨਮੋਹਕ ਤਸਵੀਰਾਂ ਨਾ ਹੋਣ ਕਰਕੇ ਤੇ ਬੱਚਿਆਂ 'ਤੇ ਮਾਨਸਿਕ ਪੱਧਰ ਦੇ ਆਧਾਰ 'ਤੇ ਹਰ ਉਮਰ ਦੇ ਬੱਚਿਆਂ ਲਈ ਨਾ ਲਿਖੀਆਂ ਗਈਆਂ ਹੋਣ ਕਰਕੇ ਪੰਜਾਬ ਦੇ ਬਹੁਤੇ ਬੱਚੇ ਮਜਬੂਰਨ ਦੂਜੀ ਜ਼ਬਾਨ ਵਿਚ ਲਿਖੀਆਂ ਕਹਾਣੀਆਂ ਦੀਆਂ ਕਿਤਾਬਾਂ ਪੜ੍ਹਨ 'ਤੇ ਮਜਬੂਰ ਹਨ। 'ਹੈਰੀ ਪੌਟਰ' ਦੀ ਵਿਕਰੀ ਇਹ ਸਾਬਤ ਕਰ ਚੁੱਕੀ ਹੈ ਕਿ ਬੱਚੇ ਹਾਲੇ ਵੀ ਪੜ੍ਹਨ ਦੀ ਰੁਚੀ ਰੱਖਦੇ ਹਨ, ਬਸ਼ਰਤੇ ਵਧੀਆ ਕਿਤਾਬ ਉਨ੍ਹਾਂ ਦੀ ਮਾਨਸਿਕ ਪੱਧਰ ਦੀ ਮਿਲ ਜਾਏ।

ਛੋਟੇ ਬੱਚੇ ਤਾਂ ਕਿਤਾਬ ਵਿਚਲੀਆਂ ਤਸਵੀਰਾਂ ਨਾਲ ਭਾਵੇਂ ਖਿੱਚੇ ਜਾਣ ਪਰ ਵੱਡੇ ਬੱਚੇ ਵਧੀਆ ਕਹਾਣੀ ਲੋਚਦੇ ਹਨ, ਜਿਹੜੀ ਉਨ੍ਹਾਂ ਨੂੰ ਕਿਤਾਬ ਲਗਾਤਾਰ

ਪੜ੍ਹੀ ਜਾਣ 'ਤੇ ਮਜਬੂਰ ਕਰ ਦੇਵੇ। ਜੇ ਕਹਾਣੀ ਦੀ ਪਕੜ ਕਮਜ਼ੋਰ ਹੋਵੇ ਤਾਂ ਬੱਚੇ ਜਲਦੀ ਹੀ ਕਿਸੇ ਹੋਰ ਪਾਸੇ ਤੁਰ ਪੈਂਦੇ ਹਨ, ਭਾਵੇਂ ਦੋਸਤਾਂ ਨਾਲ ਖੇਡਣ ਜਾਂ ਟੀ.ਵੀ., ਸੰਗੀਤ ਆਦਿ।

ਘਟੀਆ ਸਾਹਿਤ ਜੇ ਘੱਟ ਕੀਮਤ 'ਤੇ ਹਰ ਪਾਸੇ ਮਿਲ ਰਿਹਾ ਹੋਵੇ ਤਾਂ ਬੱਚੇ ਬਦੋਬਦੀ ਉਸ ਵੱਲ ਖਿੱਚੀ ਤੁਰੇ ਜਾਂਦੇ ਹਨ, ਖ਼ਾਸਕਰ ਜੇ ਉਹ ਉੱਤੇਜਨਾ ਭਰਪੂਰ ਹੋਵੇ। ਇਸ ਤਰ੍ਹਾਂ ਬੱਚੇ ਨੂੰ ਗ਼ਲਤ ਦਿਸ਼ਾ ਵੱਲ ਜਾਣ ਤੋਂ ਰੋਕਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ।

ਪੜ੍ਹਾਈ ਤੋਂ ਥੱਕ ਕੇ ਉੱਠੇ ਬੱਚੇ ਨੂੰ ਕਦੇ ਵੀ ਨੀਰਸ ਕਹਾਣੀ ਪੜ੍ਹਨੀ ਚੰਗੀ ਨਹੀਂ ਲੱਗਦੀ। ਇਸੇ ਲਈ ਕਿਤਾਬ ਅਜਿਹੀ ਹੋਣੀ ਚਾਹੀਦੀ ਹੈ, ਜਿਸ ਦੀ ਕਹਾਣੀ ਬੱਚੇ ਨੂੰ ਆਪਣੇ ਨਾਲ ਲੈ ਤੁਰੇ ਤੇ ਬੱਚਾ ਕਹਾਣੀ ਦੀ ਰਵਾਨੀ ਦੇ ਵੇਗ ਵਿਚ ਰੁੜ੍ਹ ਜਾਵੇ ਤੇ ਖਾਣਾ-ਪੀਣਾ ਹੀ ਭੁੱਲ ਜਾਵੇ। ਦੋ ਸਾਲ ਦੇ ਬੱਚੇ ਲਈ ਲੋੜੀਂਦੀ ਕਹਾਣੀ ਵਿਚ ਮਾਰ ਕੁਟਾਈ ਨਾ ਹੋਵੇ ਤਾਂ ਵਧੀਆ ਹੁੰਦਾ ਹੈ ਤੇ ਹਰ ਕਹਾਣੀ ਅੰਤ ਵਿਚ ਇਕ ਚੰਗੀ ਸਿੱਖਿਆ ਦੇ ਜਾਵੇ ਤਾਂ ਕਿਆ ਕਹਿਣੇ।

ਅੰਤ ਵਿਚ ਬੁਰਾਈ ਉੱਤੇ ਅੱਛਾਈ ਦੀ ਜਿੱਤ ਨਾਲ ਬੱਚੇ ਦਾ ਦਿਮਾਗ਼ ਚੰਗਾ ਤੇ ਹਲਕਾ ਮਹਿਸੂਸ ਕਰਦਾ ਹੈ ਤੇ ਦੁਬਾਰਾ ਕਹਾਣੀ ਪੜ੍ਹਨ ਨੂੰ ਵੀ ਉਸ ਦਾ ਚਿੱਤ ਕਰਦਾ ਰਹਿੰਦਾ ਹੈ।

ਜਿੱਥੇ ਬਾਲ ਕਹਾਣੀ ਲੇਖਕਾਂ ਉੱਤੇ ਬਹੁਤ ਭਾਰੀ ਜ਼ਿੰਮੇਵਾਰੀ ਹੈ ਵਧੀਆ ਕਹਾਣੀ ਲਿਖਣ ਦੀ, ਉੱਥੇ ਸਰਕਾਰ ਉੱਤੇ ਬਹੁਤ ਜ਼ਿਆਦਾ ਵੱਡੀ ਜ਼ਿੰਮੇਵਾਰੀ ਹੈ, ਅਜਿਹੇ ਵਧੀਆ ਸਾਹਿਤ ਨੂੰ ਬੱਚਿਆਂ ਤਕ ਪਹੁੰਚਾਉਣ ਦੀ ਅਤੇ ਉਨ੍ਹਾਂ ਦੀ ਪੜ੍ਹਨ ਦੀ ਰੁਚੀ ਨੂੰ ਬਰਕਰਾਰ ਰੱਖਣ ਦੀ।

ਪਿੰਡ ਪਿੰਡ ਤੇ ਹਰ ਸਕੂਲ ਵਿਚ ਲਾਇਬ੍ਰੇਰੀਆਂ ਖੋਲ੍ਹਣੀਆਂ ਚਾਹੀਦੀਆਂ ਹਨ। ਜਿੱਥੇ ਇਹੋ ਜਿਹੀ ਸੁਵਿਧਾ ਨਾ-ਮੁਮਕਿਨ ਹੋਵੇ, ਉੱਥੇ ਮੋਬਾਇਲ ਲਾਇਬ੍ਰੇਰੀ ਬਣਾਈ ਜਾ ਸਕਦੀ ਹੈ, ਜਿਹੜੀ ਕਿਸੇ ਵੱਡੀ ਬੱਸ ਵਿਚ ਚੁਫੇਰੇ ਸ਼ੀਸ਼ਾ ਲਾ ਕੇ ਆਸਾਨੀ ਨਾਲ ਬਣ ਸਕਦੀ ਹੈ।

ਘੱਟ ਕੀਮਤ ਤੇ ਵਧੀਆ ਛਪਾਈ ਵੀ ਤਾਂ ਹੀ ਸੰਭਵ ਹੈ, ਜੇ ਸਰਕਾਰ ਵੱਲੋਂ ਅਜਿਹੇ ਕਾਗ਼ਜ਼ ਲਈ ਮਾਲੀ ਸਹਾਇਤਾ ਮਿਲ ਰਹੀ ਹੋਵੇ। ਮਾਂ-ਬੋਲੀ ਨੂੰ ਪ੍ਰਫੁੱਲਿਤ ਕਰਨ ਵਾਸਤੇ ਅਤੇ ਅਜਿਹੇ ਲੇਖਕਾਂ ਨੂੰ ਪ੍ਰੋਤਸਾਹਿਤ ਕਰਨ ਲਈ ਵੀ ਸਰਕਾਰ ਵੱਲੋਂ ਸਨਮਾਨ ਐਲਾਨੇ ਜਾਣੇ ਚਾਹੀਦੇ ਹਨ ਤਾਂ ਜੋ ਬੱਚਿਆਂ ਵਾਸਤੇ ਵਧੀਆ ਸਾਹਿਤ ਹੋਂਦ ਵਿਚ ਆ ਸਕੇ।

ਸਕੂਲਾਂ ਵਿਚ ਵੀ ਬੱਚਿਆਂ ਲਈ ਲਾਇਬ੍ਰੇਰੀ ਵਿਚ ਇਕ ਪੀਰੀਅਡ ਲਈ ਬੈਠਣਾ ਲਾਜ਼ਮੀ ਹੋਣਾ ਚਾਹੀਦਾ ਹੈ ਤੇ ਜਿਹੜੀ ਵੀ ਕਿਤਾਬ ਬੱਚਾ ਪੜ੍ਹੇ, ਉਸ ਵਿੱਚੋਂ

ਅਖ਼ੀਰ 'ਤੇ ਬੱਚੇ ਨੂੰ ਆਸਾਨ ਸਵਾਲ ਪੁੱਛਣੇ ਚਾਹੀਦੇ ਹਨ ਤਾਂ ਜੋ ਬੱਚੇ ਦੀ ਪੜ੍ਹਨ ਦੀ ਰੁਚੀ ਬਾਰੇ ਪਤਾ ਲੱਗ ਸਕੇ।

ਬੱਚੇ ਤੋਂ ਪੜ੍ਹੀ ਹੋਈ ਕਹਾਣੀ ਸੁਣਨੀ ਤੇ ਬੱਚੇ ਨੂੰ ਆਪਣੇ ਵੱਲੋਂ ਕਹਾਣੀ ਲਿਖਣ ਲਈ ਜੇ ਉਤਸਾਹਿਤ ਕੀਤਾ ਜਾਵੇ ਤਾਂ ਵੀ ਬੱਚੇ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਪੈ ਸਕਦਾ ਹੈ।

ਦੂਸਰੀ ਜ਼ਬਾਨ ਵਿਚਲੀਆਂ ਵਧੀਆ ਕਹਾਣੀਆਂ ਦਾ ਵੀ ਤਰਜਮਾ ਕਰ ਕੇ ਜੇ ਮਾਂ-ਬੋਲੀ ਵਿਚ ਛਾਪ ਦਿੱਤੀਆਂ ਜਾਣ ਤਾਂ ਵੀ ਬੱਚੇ ਅੰਦਰ ਪੜ੍ਹਨ ਦੀ ਰੁਚੀ ਪੈਦਾ ਕੀਤੀ ਜਾ ਸਕਦੀ ਹੈ।

ਮੈਂ ਲਗਭਗ ਢਾਈ ਸੌ ਦੇ ਕਰੀਬ ਅਲੱਗ ਅਲੱਗ ਉਮਰ ਦੇ ਬੱਚਿਆਂ ਨੂੰ ਉਨ੍ਹਾਂ ਦੀ ਮਨਪਸੰਦ ਕਹਾਣੀ ਬਾਰੇ ਪੁੱਛਿਆ ਤਾਂ ਉਨ੍ਹਾਂ ਦੇ ਜਵਾਬ ਮੇਰੇ ਲਈ ਵੀ ਚਾਨਣ ਮੁਨਾਰਾ ਸਾਬਤ ਹੋਏ। ਅੰਗਰਜ਼ੀ ਮਾਧਿਅਮ ਸਕੂਲਾਂ ਵਿਚ ਪੜ੍ਹ ਰਹੇ ਬਹੁਤੇ ਸ਼ਹਿਰੀ ਬੱਚੇ ਤਾਂ 'ਹੈਰੀ ਪੌਟਰ' ਦੇ ਦੀਵਾਨੇ ਸਨ। ਪੁੱਛਣ 'ਤੇ ਕਹਿਣ ਲੱਗੇ, "ਉਸ ਵਿਚਲੀਆਂ ਪਰਾ-ਸਰੀਰਕ ਗੱਲਾਂ ਉਨ੍ਹਾਂ ਨੂੰ ਬਹੁਤ ਚੰਗੀਆਂ ਲੱਗਦੀਆਂ ਹਨ ਤੇ ਇਸ ਰਾਹੀਂ ਉਨ੍ਹਾਂ ਨੂੰ ਲੱਗਦਾ ਹੈ ਕਿ ਜੋ ਉਹ ਹਕੀਕਤ ਵਿਚ ਨਹੀਂ ਕਰ ਸਕਦੇ, ਇਸ ਕਹਾਣੀ ਰਾਹੀਂ ਵਾਪਰਿਆ ਪੜ੍ਹ ਸਕਦੇ ਹਨ ਤੇ ਉਸ ਕਹਾਣੀ ਦੇ ਹਰ ਪੰਨੇ 'ਤੇ ਇਕ ਨਵੀਂ ਚੀਜ਼ ਦਾ ਸਾਹਮਣੇ ਆਉਣਾ ਖਿੱਚ ਦਾ ਕਾਰਨ ਬਣ ਰਿਹਾ ਹੈ। ਉਸਦਾ ਨਾਇਕ ਗ਼ਰੀਬ ਹੋਣ ਕਾਰਨ ਬਹੁਤਿਆਂ ਦੀ ਉਸ ਨਾਲ ਹਮਦਰਦੀ ਬਣ ਚੁੱਕੀ ਹੈ ਤੇ ਉਸ ਦੀ ਬੁਰੇ ਬੰਦਿਆਂ ਉੱਤੇ ਜਿੱਤ ਬੱਚਿਆਂ ਨੂੰ ਬਹੁਤ ਭਾਉਂਦੀ ਹੈ।

ਕੁੱਝ ਕੁ ਪਿੰਡ ਦੇ ਜਵਾਨ ਬੱਚੇ ਮਸਾਲੇਦਾਰ ਖ਼ਬਰਾਂ ਪੜ੍ਹਨ ਦੇ ਜ਼ਿਆਦਾ ਸ਼ੌਕੀਨ ਸਨ ਜਾਂ ਅਖ਼ਬਾਰਾਂ ਵਿਚਲੀਆਂ ਛਪਦੀਆਂ ਕਹਾਣੀਆਂ ਜਿਨ੍ਹਾਂ ਵਿਚ ਉਨ੍ਹਾਂ ਵਰਗਿਆਂ ਦੀ ਜ਼ਿੰਦਗੀ ਦਾ ਜ਼ਿਕਰ ਹੋਵੇ।

ਫੇਰ ਮੈਨੂੰ ਫੁਰਿਆ ਕਿ ਸਾਡੇ ਚੋਟੀ ਦੇ ਪੰਜਾਬੀ ਲੇਖਕਾਂ ਦੇ ਨਾਵਲਾਂ ਅਤੇ ਕਿਤਾਬਾਂ ਬਾਰੇ ਪੁੱਛਾਂ ਕਿ ਕਿੰਨੇ ਕੁ ਬੱਚਿਆਂ ਨੇ ਨਾਨਕ ਸਿੰਘ ਜਾਂ ਅਮ੍ਰਿਤਾ ਪ੍ਰੀਤਮ ਨੂੰ ਪੜ੍ਹਿਆ ਹੈ ? ਮੈਨੂੰ ਹੈਰਾਨੀ ਹੋਈ, ਕਿਉਂਕਿ ਮੈਨੂੰ ਉਮੀਦ ਸੀ ਕਿ ਸ਼ਾਇਦ ਮੈਨੂੰ ਕੋਈ ਵੀ ਅਜਿਹਾ ਬੱਚਾ ਨਾ ਲੱਭੇ, ਪਰ ਸਵਾਲ ਪੁੱਛੇ ਜਾਣ ਵਾਲੇ ਬੱਚਿਆਂ ਵਿੱਚੋਂ ਸੱਤ ਕੁ ਪ੍ਰਤੀਸ਼ਤ ਬੱਚੇ ਆਪਣੀ ਮਾਂ-ਬੋਲੀ ਪੰਜਾਬੀ ਵਿਚ ਲਿਖੇ ਨਾਵਲ ਪੜ੍ਹ ਰਹੇ ਸਨ। ਅਫ਼ਸੋਸ ਦੀ ਗੱਲ ਇਹ ਸੀ ਕਿ ਕਾਨਵੈਂਟ ਸਕੂਲਾਂ ਵਿਚ ਪੜ੍ਹ ਰਹੇ ਬੱਚਿਆਂ ਵਿੱਚੋਂ ਇਕ ਨੇ ਵੀ ਹਾਮੀ ਨਹੀਂ ਭਰੀ।

ਇਕ ਅੰਗਰੇਜ਼ੀ ਮਾਧਿਅਮ ਸਕੂਲ ਵਿਚ ਨੌਵੀਂ ਵਿਚ ਪੜ੍ਹ ਰਹੇ ਬੱਚੇ ਨੇ ਇੱਥੇ ਤਕ ਕਹਿ ਦਿੱਤਾ, "ਆਈ ਡੋਂਟ ਰੀਡ ਟਰੈਸ਼।" ਮੇਰੇ ਵਾਸਤੇ ਇਹ ਅੱਖਰ ਇਸ ਤਰ੍ਹਾਂ ਸਨ, ਜਿਵੇਂ ਕਿਸੇ ਨੇ ਮੇਰੇ ਦਿਲ ਅੰਦਰ ਖੰਜਰ ਵਾੜ ਦਿੱਤਾ ਹੋਵੇ। ਦੁਨੀਆ ਭਰ ਵਿਚ

ਆਪਣੀ ਮਾਂ-ਬੋਲੀ 'ਤੇ ਫ਼ਖ਼ਰ ਕੀਤਾ ਜਾਂਦਾ ਹੈ। ਸਾਡੀ ਆਪਣੀ ਸੋਹਣੀ ਪੰਜਾਬ ਦੀ ਧਰਤੀ 'ਤੇ ਇਕ ਪੰਜਾਬੀ ਬੱਚਾ ਆਪਣੀ ਮਾਂ-ਬੋਲੀ 'ਤੇ ਫ਼ਖ਼ਰ ਕਰਨ ਦੀ ਬਜਾਏ ਉਸ ਨੂੰ 'ਕੂੜ ਕਬਾੜ' ਕਹਿ ਰਿਹਾ ਹੋਵੇ।

ਇਹ ਕਿਸਦੀ ਗ਼ਲਤੀ ਹੈ ? ਸਾਡੇ ਹੁਕਮਰਾਨ ਕੀ ਇਸ ਖ਼ਤਰੇ ਦੀ ਘੰਟੀ ਨੂੰ ਉੱਕਾ ਹੀ ਨਹੀਂ ਸੁਣ ਸਕਦੇ ?

ਇਹ ਹਰ ਪੰਜਾਬੀ ਦਾ ਆਪਣਾ ਫ਼ਰਜ਼ ਬਣਦਾ ਹੈ ਕਿ ਆਪਣੇ ਬੱਚਿਆਂ ਤਕ ਆਪਣੇ ਸਭਿਆਚਾਰ ਨੂੰ ਪੁੱਜਦਾ ਕਰੇ ਤਾਂ ਜੋ ਅਸੀਂ ਪ੍ਰਫੁੱਲਿਤ ਹੁੰਦੇ ਰਹੀਏ। ਹਰ ਸਾਹਿਤਕਾਰ ਦਾ ਵੀ ਫ਼ਰਜ਼ ਹੈ ਕਿ ਬਾਲ ਸਾਹਿਤ ਨੂੰ ਵਧੀਆ ਸਾਹਿਤ ਨਾਲ ਭਰਪੂਰ ਕਰੇ ਤਾਂ ਜੋ ਬੱਚੇ ਆਪਣੀ ਮਾਂ-ਬੋਲੀ ਵਿਚ ਵਧੀਆ ਸਾਹਿਤ ਪੜ੍ਹ ਸਕਣ।

ਸਾਡੇ ਨਰਸਰੀ ਵਿਚ ਪੜ੍ਹਦੇ ਬੱਚੇ ਅੰਗਰੇਜ਼ੀ ਦੀਆਂ ਤਸਵੀਰਾਂ ਵਾਲੀਆਂ ਕਿਤਾਬਾਂ ਤਾਂ ਜ਼ਰੂਰ ਫਰੋਲਦੇ ਰਹਿੰਦੇ ਹਨ, ਪਰ ਆਪਣੀ ਮਾਂ-ਬੋਲੀ ਵਿਚ ਲਿਖੀਆਂ ਖ਼ੂਬਸੂਰਤ ਤਸਵੀਰਾਂ ਵਾਲੀਆਂ ਕਿਤਾਬਾਂ ਜਿਹੜੀਆਂ ਉਨ੍ਹਾਂ ਦੀ ਮਾਨਸਿਕ ਸਥਿਤੀ ਦੇ ਆਧਾਰ 'ਤੇ ਛਪੀਆਂ ਹੋਣ, ਲੱਭਣ ਵਿਚ ਅਸਮਰੱਥ ਹੋ ਜਾਂਦੇ ਹਨ। ਕੀ ਇਸ ਪਾਸੇ ਸਾਨੂੰ ਧਿਆਨ ਦੇਣ ਦੀ ਜ਼ਰੂਰਤ ਨਹੀਂ ਹੈ ? ਜੇ ਵੇਲੇ ਸਿਰ ਨਾ ਜਾਗੇ ਤਾਂ ਸਾਡੇ ਪੜਪੋਤਰੇ ਸ਼ਾਇਦ 'ੳ', 'ਅ' ਦਾ ਕਾਇਦਾ ਹੀ ਵੇਖਣ ਨੂੰ ਤਰਸ ਜਾਣ।

•

8

ਤੀਜੀ ਵਿਸ਼ਵ ਪੰਜਾਬੀ ਕਾਨ.ਫਰੰਸ ਵਿਚ ਜੁੜੀ ਸੰਗਤ ਨਾਲ ਕੁੱਝ ਖਰੀਆਂ ਗੱਲਾਂ

—ਪ੍ਰੋ. ਪ੍ਰੀਤਮ ਸਿੰਘ

ਮੈਂ ਸ਼ੁਕਰਗੁਜ਼ਾਰ ਹਾਂ ਅੱਜ ਦੀ ਕਾਨਫ਼ਰੰਸ ਦੇ ਪ੍ਰਬੰਧਕਾਂ ਦਾ ਕਿ ਉਨ੍ਹਾਂ ਨੇ ਮੈਨੂੰ ਦੇਸ-ਬਦੇਸ ਤੋਂ ਇਕੱਠੇ ਹੋਏ ਪੰਜਾਬੀ ਪਿਆਰਿਆਂ ਨਾਲ ਆਪਣੇ ਕੁੱਝ ਵਿਚਾਰ ਸਾਂਝੇ ਕਰਨ ਦਾ ਖੁੱਲ੍ਹਾ ਮੌਕਾ ਬਖ਼ਸ਼ਿਆ ਹੈ। ਅੱਜ ਵਰਗੀ ਵਿਚਾਰਵਾਨ ਸੰਗਤ ਨਿੱਤ ਨਿੱਤ ਨਹੀਂ ਜੁੜ ਬੈਠਦੀ, ਇਸ ਲਈ ਮੈਂ ਨਹੀਂ ਚਾਹੁੰਦਾ ਕਿ ਆਪ ਦਾ ਤੇ ਆਪਣਾ ਕੀਮਤੀ ਸਮਾਂ ਪੰਜਾਬੀ ਮਾਂ ਦੇ ਸ਼ਾਨਦਾਰ ਭਵਿੱਖ ਬਾਰੇ ਇਕ ਦੂਜੇ ਨੂੰ ਜਜ਼ਬਾਤੀ ਤਿਫ਼ਲ-ਤਸੱਲੀਆਂ ਦੇ ਦੇ ਕੇ ਬਿਤਾ ਦਿਆਂ ਤੇ ਗੰਭੀਰ ਮਸਲਿਆਂ ਦੇ ਰੂ-ਬ-ਰੂ ਹੋਣ ਨੂੰ ਕਿਸੇ ਅਗਲੀ ਕਾਨਫ਼ਰੰਸ ਤਕ ਟਾਲ ਦਿਆਂ। ਜੋ ਮਸਲੇ ਪੰਜਾਬੀ-ਹਿਤੈਸ਼ੀਆਂ ਦਾ ਗੰਭੀਰ ਧਿਆਨ ਝੱਟ ਪੱਟ ਮੰਗਦੇ ਨੇ, ਮੈਂ ਚਾਹੁੰਦਾ ਹਾਂ ਕਿ ਅੱਜ ਦੇ ਮੇਲੇ ਨੂੰ ਆਪਣੀ ਮਾਂ-ਬੋਲੀ ਦੇ ਭਲੇ ਤੇ ਉਸ ਦੀ ਸੁਰੱਖਿਆ ਲਈ ਨਿਸਚਿਤ ਪ੍ਰੋਗਰਾਮ ਲੱਭਣ ਵਾਲੀ ਯਤਨਸ਼ਾਲਾ ਵਿਚ ਬਦਲ ਦਿਆਂ ਤਾਂ ਜੋ ਆਪੋ-ਆਪਣੇ ਘਰਾਂ ਵਿਚ ਪਹੁੰਚ ਜਾਣ ਤੋਂ ਪਿੱਛੋਂ ਵੀ ਖੜੇ ਕੀਤੇ ਗਏ ਮਸਲੇ ਵਿਦਵਾਨਾਂ ਦਿਆਂ ਮਨਾਂ ਵਿਚ ਹੱਲ ਲੱਭਣ ਲਈ ਲਗਾਤਾਰ ਰੜਕਦੇ ਰਹਿਣ।

x x x x

ਸਾਡੀ ਪੰਜਾਬੀ ਜ਼ਬਾਨ ਆਪਣੀਆਂ ਤਿੰਨ ਵਡਿਆਈਆਂ ਕਰਕੇ ਵਿਲੱਖਣ ਹੈ :

ਪਹਿਲੀ ਇਹ ਕਿ ਪੌਣੇ ਸੱਤ ਹਜ਼ਾਰ ਭਾਸ਼ਾਵਾਂ ਦੇ ਦਰਬਾਰ ਵਿਚ ਇਸ ਨੂੰ ਤੇਰ੍ਹਵੀਂ ਕੁਰਸੀ ਉੱਤੇ ਬਿਠਾਇਆ ਜਾਂਦਾ ਹੈ।

ਇਸ ਦੀ ਦੂਜੀ ਵਡਿਆਈ ਇਸ ਦੇ ਫੈਲਾਉ ਦੀ ਹੈ। ਸੁਲੇਮਾਨ ਪਰਬਤ ਤੋਂ ਲੈ ਕੇ ਜਮਨਾ ਦੇ ਤੱਟ ਤਕ ਦੋ ਮੁਲਕਾਂ ਵਿਚ ਵੰਡੀ ਜਾਣ ਦੇ ਬਾਵਜੂਦ, ਜਿੰਨੀ ਭੋਇੰ ਬਣਦੀ ਹੈ, ਉਹ ਕਰੀਬ ਕਰੀਬ ਸਾਰੀ ਇਸ ਦੀ ਜਗੀਰ ਹੈ। ਦੁਨੀਆ ਵਿਚ ਕਿੰਨੀਆਂ ਕੁ ਹੋਰ ਬੋਲੀਆਂ ਨੇ, ਏਡੀ ਵੱਡੀ ਜਗੀਰ ਦੀਆਂ ਮਾਲਕ ?

ਤੀਜੀ ਵਿਸ਼ੇਸ਼ਤਾ ਇਸ ਦੀ ਲੰਮੀ ਉਮਰ ਦੀ ਹੈ। ਅੱਦਹਮਾਨ ਤੋਂ ਨਹੀਂ ਤਾਂ ਬਾਬਾ ਫ਼ਰੀਦ ਤੋਂ ਲੈ ਲਓ, ਕਿੰਨੀਆਂ ਕੁ ਬੋਲੀਆਂ ਨੇ ਏਨੀਆਂ ਸਦੀਆਂ ਪੁਰਾਣੀਆਂ ? ਅੰਗਰੇਜ਼ੀ ਦੇ ਕਵੀ ਚਾਸਰ (1340 ?—1400) ਨੂੰ ਅੰਗਰੇਜ਼ੀ ਦਾ ਪਹਿਲਾ ਸ਼ਾਇਰ ਮੰਨ ਲਈਏ ਤਾਂ ਉਹ ਬਾਬਾ ਫ਼ਰੀਦ ਜੀ (1178—1271) ਦੇ ਪੜਪੋਤਰਿਆਂ ਦੇ ਹਾਣ ਦਾ ਬਣਦਾ ਹੈ।

ਬੁਲਾਰਿਆਂ ਦੀ ਬਹੁ-ਗਿਣਤੀ ਇਸ ਦੇ ਬੁਲਾਰਿਆਂ ਦੀ ਲੰਮੀ-ਚੌੜੀ ਜਗੀਰ ਤੇ ਇਸ ਦੀ ਲੰਮੀ ਉਮਰ ਵਾਲੇ ਤਿੰਨ ਲੱਛਣ ਗਿਣਾ ਕੇ ਅਸੀਂ ਆਪਣੀ ਮਾਂ ਦੀ ਨਨਤਕਾਰੀ ਕਰਦਿਆਂ ਥੱਕਦੇ ਨਹੀਂ। ਉਸ ਦੀਆਂ ਇਨ੍ਹਾਂ ਵਡਿਆਈਆਂ ਦੀਆਂ ਕਲਗੀਆਂ ਆਪਣਿਆਂ ਸਿਰਾਂ ਉੱਤੇ ਸਜਾ ਕੇ ਅਸੀਂ ਦੁਨੀਆ ਦੇ ਸਾਹਿਤਕ ਪਿੜਾਂ ਵਿਚ ਫ਼ਖ਼ਰੀਆ ਅੰਦਾਜ਼ ਨਾਲ ਪਹੁੰਚਦੇ ਹਾਂ। ਪਰ ਮੈਂ ਅੱਜ ਮਾਂ ਦੀਆਂ ਇਨ੍ਹਾਂ ਤੇ ਇਨ੍ਹਾਂ ਵਰਗੀਆਂ ਹੋਰ ਬਥੇਰੀਆਂ ਵਡਿਆਈਆਂ ਦੇ ਗੁਣ ਗਾ ਗਾ ਕੇ ਚਿੱਥੇ ਨੂੰ ਦੁਬਾਰਾ, ਤਿਬਾਰਾ ਚਿੱਥਣ ਨੂੰ ਤਿਆਰ ਨਹੀਂ। ਜਿਸ ਦੁਖਿਆਰੀ ਦੀ ਵਿਥਿਆ ਅਸੀਂ ਕਦੀ ਸੁਣੀ ਹੀ ਨਹੀਂ, ਮੈਂ ਅੱਜ ਉਸ ਦੀ ਪੁਕਾਰ ਤੁਹਾਡੇ ਤਕ ਪਹੁੰਚਾਉਣੀ ਹੈ। ਉਸ ਦੀ ਆਪਣੀ ਜ਼ਬਾਨੀ ਹੀ ਸੁਣ ਲਓ, ਉਸ ਦੀ ਲੰਮੀ ਦਰਦੀਲੀ ਵਿਥਿਆ :

"ਮੇਰੇ ਜੀਉਣ ਜੋਗੇ ਬੱਚਿਓ! ਜ਼ਰਾ ਧਿਆਨ ਨਾਲ ਸੁਣਿਓ ਮੇਰੀਆਂ ਝੱਲ-ਵਲੱਲੀਆਂ। ਵਿਚ ਵਿਚ ਜੇ ਮੈਂ ਭੁੱਲਾਂ ਕਰ ਜਾਵਾਂ ਤਾਂ ਮਾਫ਼ ਕਰ ਦੇਣਾ।

"ਮੈਂ ਜਦੋਂ ਏਸ ਧਰਤੀ ਉੱਤੇ ਅੱਖਾਂ ਖੋਲ੍ਹੀਆਂ, ਓਦੋਂ ਅਸੀਂ ਗ਼ੁਲਾਮ ਬਣ ਚੁੱਕੇ ਸਾਂ। ਮਾਲਕਾਂ ਨੇ ਆਪਣੇ ਧਰਮ ਦੀ ਬੋਲੀ ਅਰਬੀ ਰੱਖੀ, ਪਰ ਹੌਲੀ ਹੌਲੀ ਰਾਜ-ਭਾਗ ਦਾ ਸਾਰਾ ਕੰਮ ਸਾਂਭਦੀ ਗਈ। ਸਰਕਾਰੀ ਸਕੂਲਾਂ ਵਿਚ ਪੜ੍ਹਾਈ ਦੇ ਮਾਧਿਅਮ ਵਾਲੀ ਥਾਂ ਵੀ ਫ਼ਾਰਸੀ ਨੇ ਮੱਲ ਲਈ। ਮੇਰੇ ਮਜ਼ੂਰ, ਕਿਰਸਾਨ ਤੇ ਹਟਵਾਣੀਏ ਬੱਚੇ, ਘਰਾਂ, ਗਲੀਆਂ-ਮੁਹੱਲਿਆਂ, ਬਾਜ਼ਾਰਾਂ ਤੇ ਮੰਡੀਆਂ ਜਾਂ ਖੇਤਾਂ ਵਿਚ ਮੇਰੀ ਵਰਤੋਂ ਕਰਦੇ ਰਹੇ। ਮੇਰੇ ਲਾਲ ਹਲ ਵਾਹੁੰਦੇ, ਹੱਡ-ਭੰਨਵੀਂ ਮਿਹਨਤ ਕਰਦੇ, ਦੁਪਹਿਰ ਬਾਰਾਂ ਟੈਣੀ ਵਰਗੀਆਂ ਖੇਡਾਂ ਖੇਡ ਕੇ ਲੰਘਾਉਂਦੇ, ਪਤੰਗਾਂ ਉਡਾਉਂਦੇ ਤੇ ਖਿੱਦੋ-ਖੂੰਡੀ ਖੇਡਦੇ; ਮੇਲਿਆਂ-ਮੁਸਾਹਿਬਿਆਂ ਵਿਚ ਜਾਂਦੇ; ਰਿਸ਼ਤੇਦਾਰੀਆਂ ਪੁਗਾਉਂਦੇ ਤੇ ਦਾਰੂ-ਸਿੱਕਾ ਛਕ-ਛਕਾ ਕੇ ਬਾਘੀਆਂ ਪਾਉਂਦੇ ਤੇ ਖ਼ੁਸ਼ ਰਹਿੰਦੇ। ਜਿੰਨੇ ਕੁ ਲਫ਼ਜ਼ਾਂ ਦੀ ਇਨ੍ਹਾਂ ਕੰਮਾਂ ਲਈ ਲੋੜ ਪੈਂਦੀ ਸੀ, ਮੈਂ ਪੂਰਦੀ ਰਹੀ। ਕੀਰਤਨਾਂ, ਗੀਤਾਂ, ਬਾਤਾਂ, ਚੁਟਕਲਿਆਂ ਤੇ ਬੁਝਾਰਤਾਂ ਨਾਲ ਮੈਂ ਸਭ ਦਾ ਜੀ ਲਾਈ ਰੱਖਿਆ। ਮੁਹਾਵਰਿਆਂ ਤੇ ਅਖਾਣਾਂ ਨਾਲ ਉਨ੍ਹਾਂ ਦੀ ਝੋਲੀ ਭਰ ਦਿੱਤੀ, ਪਰ ਨਾ ਫ਼ੌਜ, ਨਾ ਨਿਆਂ, ਨਾ ਹਕੂਮਤ, ਨਾ ਕਿਸੇ ਵੀ ਵਿਸ਼ੇਸ਼ ਪੇਸ਼ੇ ਦੇ ਤਕਨੀਕੀ ਲਫ਼ਜ਼ਾਂ ਦੀ ਵਰਤੋਂ ਦੀ ਕੋਈ ਸੇਵਾ ਮੈਨੂੰ ਬਖ਼ਸ਼ੀ ਗਈ ਤੇ ਨਾ ਮੈਂ ਉਹ ਲਫ਼ਜ਼ ਸਿੱਖ ਸਕੀ। ਸੋ ਮੈਂ ਖ਼ਾਸ ਤਰ੍ਹਾਂ ਦੀ ਸ਼ਬਦਾਵਲੀ ਦੇ ਗਿਆਨ ਤੋਂ ਸੱਖਣੀ ਰਹੀ। ਮੇਰੇ ਸੁਲੱਖਣੇ ਪੁੱਤਰਾਂ ਨੇ ਖ਼ੁਸ਼ੀ ਖ਼ੁਸ਼ੀ ਫ਼ਾਰਸੀ ਸਿੱਖ ਲਈ ਤੇ ਸਰਕਾਰੇ-

ਦਰਬਾਰੇ ਜਾਂ ਸਕੂਲਾਂ ਵਿਚ ਮੈਨੂੰ ਥਾਂ ਦਿਵਾਉਣ ਬਾਰੇ ਹੰਭਲਾ ਤਾਂ ਕੀ ਮਾਰਨਾ ਸੀ, ਇਸ ਪਾਸੇ ਬਾਰੇ ਕਦੀ ਸੋਚਿਆ ਵੀ ਨਹੀਂ ਸੀ।

"ਮੇਰੀ ਅਜੀਬ ਹਾਲਤ ਸੀ—ਧਰਤੀ ਮੇਰੀ, ਇਸ ਉੱਤੇ ਵੱਸਣ ਵਾਲਾ ਜੀਆ-ਜੰਤ ਮੇਰਾ, ਪਰ ਮੈਨੂੰ ਨਾ ਮਹਿਲਾਂ ਦੇ, ਨਾ ਦਰਬਾਰਾਂ ਦੇ ਅਤੇ ਨਾ ਹੀ ਸਕੂਲਾਂ ਦੇ ਨੇੜੇ ਜਾਣ ਦਿੱਤਾ ਜਾਂਦਾ। ਮੇਰੇ ਪਾਸੋਂ ਤਾਂ ਝਾੜੂ-ਪੋਚੇ, ਝਾੜ-ਪੂੰਝ ਤੇ ਡੰਗਰਾਂ ਨੂੰ ਪੱਠੇ ਪਾਉਣ ਵਾਲੀ ਦਾਸੀ ਦਾ ਤੇ ਜਾਂ ਫਿਰ ਖ਼ੁਸ਼ੀ-ਗ਼ਮੀ ਦੇ ਗੀਤ ਗਾਉਣ ਵਾਲੀ ਨਾਇਣ ਦਾ ਕੰਮ ਹੀ ਲਿਆ ਜਾਂਦਾ ਰਿਹਾ। ਮੈਂ ਕੰਮ ਤੋਂ ਕਦੀ ਨਹੀਂ ਭੱਜੀ। ਕੰਮ ਕੋਈ ਵੀ ਮਾੜਾ ਨਹੀਂ ਹੁੰਦਾ, ਪਰ ਹਿਰਖ ਤਾਂ ਇਸ ਗੱਲ ਦਾ ਰਿਹਾ ਕਿ ਜਦ ਮੇਰੇ ਲਾਡਲੇ ਆਪ ਸਰਕਾਰੇ-ਦਰਬਾਰੇ ਜਾਣ ਲੱਗ ਪਏ ਸਨ ਤਾਂ ਮੈਨੂੰ ਆਪਣੇ ਨਾਲ ਕਿਉਂ ਨਾ ਲੈ ਗਏ ? ਉਹ ਆਪ ਤਾਂ ਨਿਗੁਣੀਆਂ ਨੌਕਰੀਆਂ ਉੱਤੇ ਲੱਗ ਕੇ ਸੰਤੁਸ਼ਟ ਹੋ ਗਏ, ਪਰ ਮੇਰੀ ਬਾਂਹ ਕਿਸੇ ਨੇ ਨਾ ਫੜੀ। ਪੁੱਤਰ ਗੁਲਛੱਰੇ ਉਡਾਉਂਦੇ ਰਹੇ ਤੇ ਮਾਂ ਲਿੱਦ ਢੋਂਦੀ ਰਹੀ। ਹੋਣ ਮੇਰੇ ਧੀਆਂ-ਪੁੱਤਰ ਤੇ ਉਨ੍ਹਾਂ ਨੂੰ ਆਪਣੀ ਤੇ ਮੇਰੀ ਹਾਲਤ ਵਿਚਲੀ ਵਿੱਥ ਕਦੀ ਵੀ ਨਾ ਰੜਕੇ, ਮੈਂ ਆਪਣੇ ਨਸੀਬਾਂ ਨੂੰ ਨਾ ਪੁਣਾਂ ਤਾਂ ਕੀ ਕਰਾਂ ?

"ਮੈਂ ਉਡੀਕਦੀ ਰਹੀ ਕਿ ਜਦ ਵੀ ਮੇਰੀ ਸੁੱਖਾਂ-ਲੱਧੀ ਔਲਾਦ ਰਾਜ ਪਲਟਾਏਗੀ, ਉਹ ਆਪਣੀ ਮਾਂ ਦੀ ਦੁਰਦਸ਼ਾ ਵਿਚ ਸੁਧਾਰ ਲਿਆਵੇਗੀ, ਪਰ ਮੇਰੇ ਪੁੱਤਰ ਤਾਂ ਮੈਨੂੰ ਮੇਰੇ ਹਾਲ ਉੱਤੇ ਛੱਡ ਕੇ ਏਨੇ ਘੂਕ ਸੌਂ ਗਏ ਕਿ ਜਦੋਂ ਗੁਰੂ ਨਾਨਕ ਦੇਵ ਨੇ ਖੱਲੇ ਮਾਰ ਮਾਰ ਕੇ ਜਗਾਉਣ ਦੀ ਕੋਸ਼ਿਸ਼ ਕੀਤੀ : ਓਏ ਬੇਸ਼ਰਮੋਂ ! 'ਮਲੇਛ ਭਾਖਿਆ ਗਹੀ' ਜਾਂ 'ਬੋਲੀ ਅਵਰ ਤੁਮਾਰੀ'—ਤੁਸੀਂ ਆਪਣੇ ਖ਼ਜ਼ਾਨੇ ਨੂੰ ਕਿਉਂ ਨਹੀਂ ਸੰਭਾਲਦੇ, ਤਾਂ ਵੀ ਉਹ ਨਾ ਹਿੱਲੇ। ਰਾਜ ਤਾਂ ਕਈ ਬਦਲੇ, ਅਰਬ ਆਏ, ਤੁਰਕ ਆਏ, ਅਫ਼ਗਾਨ ਆਏ, ਮੁਗ਼ਲ ਆਏ, ਈਰਾਨੀ ਆਏ, ਸਿੱਖ ਆਏ, ਅੰਗਰੇਜ਼ ਆਏ, ਪਰ ਮੇਰੇ ਪੁੱਤਰ ਹਰ ਨਵੇਂ ਜਰਵਾਣੇ ਦੀ ਜੀ-ਹਜ਼ੂਰੀ ਕਰਨ ਤੇ ਗ਼ੈਰ-ਬੋਲੀਆਂ ਬੋਲ ਕੇ ਸੁਖ ਦੀ ਨੀਂਦਰ ਸੌਣ ਦਾ ਵੱਲ ਸਿੱਖ ਗਏ ਸਨ, ਸੋ ਮੇਰੇ ਜੀਉਂਦੇ-ਜੀਅ ਕਦੀ ਕਿਸੇ ਨੇ ਮੈਨੂੰ ਆਪਣੀ ਅਣਖ ਨਾਲ ਜੋੜਨ ਦਾ ਯਤਨ ਨਾ ਕੀਤਾ। ਮੇਰੇ ਪਿਆਰੇ ਪੁੱਤਰੋ ! ਤੁਹਾਡੇ ਬਜ਼ੁਰਗਾਂ ਦੀ ਸ਼ਾਨ ਵਿਚ ਕੋਈ ਕੌੜਾ ਲਫ਼ਜ਼ ਬੋਲਿਆ ਗਿਆ ਹੋਵੇ ਤਾਂ ਮੈਨੂੰ ਬੁੱਢੜੀ ਨੂੰ ਬਖ਼ਸ਼ ਦੇਣਾ।

"1947 ਵਿਚ ਆਜ਼ਾਦੀ ਦਾ ਸੂਰਜ ਚੜ੍ਹਿਆ ਤਾਂ ਮੈਨੂੰ ਵੀ ਬੜਾ ਚਾਅ ਚੜ੍ਹਿਆ ਕਿ ਸੈਂਕੜੇ ਵਰ੍ਹਿਆਂ ਦੀ ਗ਼ੁਲਾਮੀ ਦੇ ਪਿੱਛੋਂ ਰਾਜ ਮੇਰੇ ਆਪਣੇ ਆਜ਼ਾਦ ਬੱਚਿਆਂ ਦੇ ਹੱਥ ਵਿਚ ਆਇਆ ਹੈ; ਹੁਣ ਤਾਂ ਮੇਰੇ ਭਾਗ ਜਾਗਣਗੇ ਹੀ। ਪਰ ਕਿਸਮਤ ਦੀ ਮਾਰੀ ਇਸ ਦੁਖਿਆਰੀ ਨਾਲ ਜੋ ਸਲੂਕ ਮੇਰੇ ਸੱਕੇ ਪੁੱਤਰਾਂ-ਪੋਤਰਿਆਂ ਵੱਲੋਂ ਹੋ ਰਿਹਾ ਹੈ, ਉਸ ਦੇ ਨਮੂਨੇ ਵਿਖਾਉਣ ਲਈ ਪਹਿਲਾਂ ਮੈਂ ਤੁਹਾਨੂੰ ਆਪਣੇ ਜੱਦੀ ਘਰ ਪਾਕਿਸਤਾਨ ਵਿਚ ਲੈ ਚੱਲਦੀ ਹਾਂ, ਜੋ ਦੁਨੀਆ ਵਿਚ ਪੰਜਾਬੀ ਬੁਲਾਰਿਆਂ ਦਾ ਸਭ ਤੋਂ ਵੱਡਾ ਗੜ੍ਹ ਹੈ।

ਯਾ ਅੱਲਾਹ! ਮੇਰੇ ਜੰਮਣ ਤੋਂ ਲੈ ਕੇ ਹੁਣ ਤਕ ਕਿਸੇ ਜਰਵਾਣੇ ਨੇ ਵੀ ਮੇਰੀ ਏਨੀ ਦੁਰਗਤ ਨਹੀਂ ਸੀ ਕੀਤੀ, ਜਿੰਨੀ ਮੇਰੀ ਆਪਣੀ ਔਲਾਦ ਪਾਕਿਸਤਾਨੀ ਪੰਜਾਬ ਵਿਚ ਕਰ ਰਹੀ ਹੈ। ਮਸਲਨ:

1. ਪੰਜਾਬ ਦੀ ਕਾਨੂੰਨ-ਘੜਨੀ ਅਸੈਂਬਲੀ ਵਿਚ ਕਿਸੇ ਮੈਂਬਰ ਨੂੰ ਸਪੀਕਰ ਦੀ ਮਨਜ਼ੂਰੀ ਬਿਨਾਂ ਆਪਣੀ ਤਕਰੀਰ ਲਈ ਮੈਨੂੰ ਵਰਤਣ ਦੀ ਖੁੱਲ੍ਹ ਨਹੀਂ ਹੈ।
2. ਦਫ਼ਤਰਾਂ ਤੇ ਕਚਹਿਰੀਆਂ ਦੀ ਸਰਕਾਰੀ ਜ਼ਬਾਨ ਉਰਦੂ ਹੈ ਜਾਂ ਅੰਗਰੇਜ਼ੀ।
3. ਕੱਚੀ ਪਹਿਲੀ ਜਮਾਤ ਤੋਂ ਪੌੜੀ ਦੇ ਸਿਖਰਲੇ ਡੰਡੇ ਤਕ, ਸਾਰੀ ਪੜ੍ਹਾਈ ਉਰਦੂ ਵਿਚ ਹੈ ਜਾਂ ਅੰਗਰੇਜ਼ੀ ਵਿਚ।
4. ਸਾਰੇ ਵੱਡੇ ਅਖ਼ਬਾਰ ਉਰਦੂ ਵਿਚ ਛਪਦੇ ਨੇ ਜਾਂ ਅੰਗਰੇਜ਼ੀ ਵਿਚ।

"ਗੱਲ ਕੀ, ਪਾਕਿਸਤਾਨੀ ਪੰਜਾਬ ਦੀ ਆਜ਼ਾਦ ਦੇਸੀ ਸਰਕਾਰ, ਮੇਰੇ ਨਾਲ ਜਿਸ ਤਰ੍ਹਾਂ ਦਾ ਮਤਰੇਆ ਸਲੂਕ ਕਰ ਰਹੀ ਹੈ, ਉਹ ਤਾਂ ਕਦੀ ਕਿਸੇ ਦੁਸ਼ਮਣ ਨੇ ਵੀ ਨਹੀਂ ਸੀ ਕੀਤਾ। ਪਾਕਿਸਤਾਨੀ ਪੰਜਾਬ ਦੀ ਮਾਨਸਿਕਤਾ ਨੇ ਜਿਸ ਤਰ੍ਹਾਂ ਉਰਦੂ ਤੇ ਇਸਲਾਮ ਦੇ ਗੱਠਜੋੜ ਨੂੰ ਪੀਡਾ ਕੀਤਾ ਹੋਇਆ ਹੈ, ਸਿੰਧ, ਬਲੋਚਿਸਤਾਨ ਜਾਂ ਸੂਬਾ ਸਰਹੱਦ ਵਿਚ ਉਸ ਦਾ ਨਾਂ-ਨਿਸ਼ਾਨ ਵੀ ਨਹੀਂ ਮਿਲਦਾ। ਸਿੰਧ ਦੇ ਮੁਸਲਮਾਨਾਂ ਦਾ ਇਸਲਾਮ, ਸਿੰਧੀ ਭਾਸ਼ਾ ਦਾ ਸਨੇਹੀ ਹੈ, ਵੈਰੀ ਨਹੀਂ। ਬਲੋਚਿਸਤਾਨ ਤੇ ਸੂਬਾ ਸਰਹੱਦ ਦੇ ਇਸਲਾਮ ਦੀ ਵੀ ਉੱਥੋਂ ਦੀਆਂ ਕੁਦਰਤੀ ਬੋਲੀਆਂ ਨਾਲ ਕੋਈ ਗ਼ੈਰ-ਸਾਲੀ ਨਹੀਂ ਹੈ। ਇਕੱਲਾ ਪਾਕਿਸਤਾਨੀ ਪੰਜਾਬ ਦਾ ਸੂਬਾ ਹੀ ਹੈ, ਜਿਸ ਦਾ ਇਸਲਾਮ ਉੱਥੋਂ ਦੇ ਬੁਲਾਰਿਆਂ ਨੂੰ ਆਪਣੀ ਮਾਂ-ਬੋਲੀ ਨਾਲ ਵੈਰ ਕਮਾਉਣ ਦੀ ਸਿੱਖਿਆ ਦੇਂਦਾ ਪ੍ਰਤੀਤ ਹੁੰਦਾ ਹੈ। ਪੁੱਤਰ ਤਾਂ ਆਪ ਆਜ਼ਾਦ ਹੋ ਕੇ ਆਪਣੀ ਬੁੱਢੀ ਮਾਂ ਨਾਲ ਖੁੱਲ੍ਹਮ-ਖੁੱਲ੍ਹਾ ਦਗ਼ਾ ਕਮਾਉਣ ਵਿਚ ਲੱਗੇ ਹੋਏ ਨੇ, ਪਰ ਮੈਂ ਤਾਂ ਹੁਣ ਵੀ, ਉਨ੍ਹਾਂ ਵੱਲੋਂ ਦੁਰਕਾਰੇ ਜਾਣ ਦੇ ਬਾਵਜੂਦ, ਅਵਾਮ ਦੀਆਂ ਭਾਸ਼ਾਈ ਲੋੜਾਂ ਬਾਕਾਇਦਾ ਪੂਰ ਰਹੀ ਹਾਂ। ਮੈਂ ਅਭਾਗਣ ਅੱਜ ਵੀ ਰੱਬ ਪਾਸੋਂ ਆਪਣੇ ਗੁਮਰਾਹ ਹੋਏ ਇਨ੍ਹਾਂ ਪੁੱਤਰਾਂ ਦੀਆਂ ਸੌ ਰੱਖਾਂ ਮੰਗਦੀ ਹਾਂ। ਸੁਹੰਢਣੀ ਹੋਵੇ ਇਨ੍ਹਾਂ ਦੀ ਆਜ਼ਾਦੀ। ਮੇਰੀਆਂ ਅੱਖਾਂ ਦੇ ਤਾਰੇ, ਜੁਗ ਜੁਗ ਜੀਉਂਦੇ ਰਹਿਣ!

"ਹੁਣ ਚੱਲੀਏ ਚੜ੍ਹਦੇ ਪੰਜਾਬ ਵਿਚ ਤੇ ਵੇਖੀਏ ਆਜ਼ਾਦੀ ਤੋਂ ਝੱਟ ਪਹਿਲਾਂ ਦੇ ਭਾਸ਼ਾ + ਮਜ਼ਹਬ ਦੇ ਮਸਨੂਈ ਗੰਢ-ਚਿਤਰਾਵੇ ਨੇ ਆਜ਼ਾਦੀ ਤੋਂ ਪਿੱਛੋਂ ਕੀ ਸ਼ਕਲ ਅਖ਼ਤਿਆਰ ਕੀਤੀ ਹੈ?

"ਮੁਸਲਿਮ ਲੀਗ ਦੀ ਫ਼ਿਰਕੂ ਨੀਤੀ ਦੇ ਜਵਾਬ ਵਿਚ ਪੰਜਾਬ ਦੇ ਹਿੰਦੂਆਂ ਤੇ ਸਿੱਖਾਂ ਨੇ ਵੀ ਫ਼ਿਰਕੂ ਨੀਤੀਆਂ ਅਪਣਾਈਆਂ ਹੋਈਆਂ ਸਨ, ਪਰ ਸਿਆਸੀ ਮੁਹਾਜ਼ ਉੱਤੇ ਸਾਂਝਾ ਮੋਰਚਾ ਬਣਾਇਆ ਹੋਇਆ ਸੀ। ਪਾਕਿਸਤਾਨ ਬਣਨ ਤੋਂ ਬਾਅਦ ਲਹਿੰਦੇ

ਪੰਜਾਬ ਵਿਚ ਤਾਂ ਇੱਕੋ ਮਜ਼ਹਬ ਰਹਿ ਗਿਆ, ਪਰ ਭਾਰਤੀ ਪੰਜਾਬ ਵਿਚ ਦੋ ਮਜ਼ਹਬ ਆ ਗਏ। ਇਨ੍ਹਾਂ ਦੀ ਸਾਰੀ ਸਿਖਲਾਈ ਫ਼ਿਰਕੂ ਸਿਆਸਤ ਦੀ ਸੀ, ਜਿਸ ਵਿਚ ਇਕ ਮਜ਼ਹਬੀ ਧੜੇ ਨੇ ਦੂਜੇ ਮਜ਼ਹਬੀ ਧੜੇ ਨੂੰ ਨਿਸ਼ਾਨਾ ਬਣਾ ਕੇ ਫੁੰਡਣਾ ਹੁੰਦਾ ਸੀ। ਚੜ੍ਹਦੇ ਪੰਜਾਬ ਵਿਚ ਆਜ਼ਾਦੀ ਤੋਂ ਝੱਟ ਪਹਿਲਾਂ ਵਾਲਾ ਹਿੰਦੂ-ਸਿੱਖ ਸਾਂਝਾ ਮੁਹਾਜ਼ ਕੁੱਝ ਦੇਰ ਤਾਂ ਕਾਇਮ ਰਿਹਾ, ਪਰ ਛੇਤੀ ਹੀ ਦੁਹਾਂ ਧੜਿਆਂ ਦੀ, ਮਜ਼ਹਬ ਨੂੰ ਸਿਆਸੀ ਹਥਿਆਰ ਪਾਰੋਂ ਵਰਤਣ ਦੀ ਸਿਖਲਾਈ ਨੇ ਆਪਣੇ ਫਣ ਖਿਲਾਰਨੇ ਸ਼ੁਰੂ ਕਰ ਦਿੱਤੇ। ਅਖ਼ਬਾਰੀ ਬਿਆਨਬਾਜ਼ੀ ਨੇ ਜਲੂਸਬਾਜ਼ੀ ਦੀ ਸ਼ਕਲ ਧਾਰੀ ਤੇ ਮਜ਼ਹਬਾਂ ਦੀ ਉਪਜਾਈ ਨਫ਼ਰਤ ਨੇ ਅਖ਼ੀਰ ਦੁਹਾਂ ਦਲਾਂ ਨੂੰ ਘਾਤਕ ਹਿੰਸਾ ਤਕ ਪਹੁੰਚਾ ਦਿੱਤਾ। ਇਹ ਸਭ ਕੁੱਝ ਹੋਇਆ ਭਾਸ਼ਾ + ਮਜ਼ਹਬ ਦੇ ਨਾਂ ਉੱਤੇ। ਪੰਜਾਬ ਦੇ ਹਿੰਦੂਆਂ ਦੀ 'ਮਾਦਰੀ' ਜ਼ਬਾਨ ਹਿੰਦੀ ਤੇ ਸਿੱਖਾਂ ਦੀ ਮਾਦਰੀ ਜ਼ਬਾਨ ਪੰਜਾਬੀ। ਚੁਆਤੀ ਲਾਉਣ ਵਾਲੇ ਹੀ ਸੁਲਹ-ਸਫ਼ਾਈ ਕਰਨ ਬੈਠਦੇ ਤੇ 'ਫ਼ਾਰਮੂਲੇ' ਘੜਨ-ਤੋੜਨ ਦੇ ਸ਼ੁਗਲ ਨਾਲ ਜੀਅ ਪਰਚਾਉਂਦੇ ਰਹਿੰਦੇ। ਅਖ਼ੀਰ, ਇਸ ਭੰਨ-ਤੋੜ ਦਾ ਅਮਲ ਮੁੱਕਿਆ 1966 ਵਿਚ ਜਦੋਂ ਭਾਰਤ ਦੇ ਹਿੱਸੇ ਵਿਚ ਆਏ ਪੰਜਾਬ ਦੇ ਤਿੰਨ ਟੋਟੇ ਕੀਤੇ ਗਏ—ਪੰਜਾਬ, ਹਰਿਆਣਾ ਤੇ ਹਿਮਾਚਲ। ਮੈਨੂੰ ਲੱਗਿਆ, ਜਿਵੇਂ ਇਤਿਹਾਸ ਵਿਚ ਪਹਿਲੀ ਵਾਰੀ ਮੇਰੇ ਭਾਗ ਜਾਗਣ ਲੱਗੇ ਨੇ। ਉੱਤੋਂ ਛੇਤੀ ਹੀ ਬਣ ਗਈ ਲਛਮਣ ਸਿੰਘ ਗਿੱਲ ਦੀ ਸਰਕਾਰ। ਓਦੋਂ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਦਾ ਮੁਖੀ ਸੀ ਗਿਆਨੀ ਲਾਲ ਸਿੰਘ। ਮੁੱਖ ਮੰਤਰੀ ਲਛਮਣ ਸਿੰਘ ਤੇ ਗਿਆਨੀ ਲਾਲ ਸਿੰਘ ਗਰਾਈਂ ਸਨ। ਫੇਰ ਕੀ ਸੀ ? ਰਾਤੋ-ਰਾਤ ਦੋਹੀ ਫਿਰ ਗਈ ਕਿ 'ਕੱਲ੍ਹ ਤੋਂ ਹੀ ਪੰਜਾਬ ਦੀ ਸਰਕਾਰੀ ਭਾਸ਼ਾ ਗੁਰਮੁਖੀ ਵਿਚ ਲਿਖੀ ਪੰਜਾਬੀ ਹੋਵੇਗੀ। ਚਪੜਾਸੀਆਂ ਤੋਂ ਲੈ ਕੇ ਸਰਕਾਰ ਦੇ ਚੀਫ਼ ਸਕੱਤਰ ਤਕ ਹਰ ਸਰਕਾਰੀ ਮੁਲਾਜ਼ਮ ਨੂੰ ਸਰਕਾਰੀ ਲਿਖਾ-ਪੜ੍ਹੀ ਪੰਜਾਬੀ ਵਿਚ ਕਰਨੀ ਪਵੇਗੀ। ਸਭ ਸਰਕਾਰੀ ਸਕੂਲਾਂ ਵਿਚ ਹੇਠੋਂ ਲੈ ਕੇ ਉਪਰ ਤਕ ਹਰ ਮਜ਼ਮੂਨ ਪੰਜਾਬੀ ਵਿਚ ਪੜ੍ਹਾਇਆ ਜਾਵੇਗਾ।'

"ਇਉਂ ਖ਼ਬਰੇ ਕਿੰਨੀਆਂ ਸਦੀਆਂ ਦੇ ਬਾਅਦ ਪਹਿਲੀ ਵਾਰ ਮੇਰੀ ਆਪਣੀ ਸੁਤੰਤਰ ਸਲਤਨਤ ਕਾਇਮ ਹੋਈ। ਪੰਜਾਬ ਸਰਕਾਰ ਵੱਲੋਂ ਮੇਰੀ ਤਾਜਪੋਸ਼ੀ ਦੇ ਜਸ਼ਨ ਮਨਾਏ ਗਏ। ਇਹ ਇਕ ਬਹੁਤ ਵੱਡੀ ਅਹਿਮੀਅਤ ਵਾਲੀ ਇਤਿਹਾਸਕ ਘਟਨਾ ਸੀ, ਸੋ ਮੇਰੇ ਹਿਤੈਸ਼ੀਆਂ ਨੇ ਘਿਉ ਦੇ ਦੀਵੇ ਜਗਾਏ। ਪਰ ਗਿੱਲ-ਗਿਆਨੀ ਰਾਜ ਥੁੜ-ਚਿਰਾ ਸਾਬਤ ਹੋਇਆ। ਇਸ ਦਾ ਤਖ਼ਤਾ ਉਲਟਣ ਦੀ ਦੇਰ ਸੀ ਕਿ ਮੇਰੀ ਸੁਰੱਖਿਆ ਲਈ ਬਣਾਈ ਕਾਨੂੰਨੀ ਵਾੜਬੰਦੀ ਨੂੰ ਵਜ਼ੀਰਾਂ ਤੇ ਸਕੱਤਰਾਂ ਦੀ ਪੱਧਰ ਉੱਤੇ ਖੁੱਲ੍ਹਮ-ਖੁੱਲ੍ਹਾ ਉਲੰਘਿਆ ਜਾਣਾ ਸ਼ੁਰੂ ਹੋ ਗਿਆ। ਕਰੀਬ ਕਰੀਬ ਸਾਰੀ ਉਚੇਰੀ ਪੱਧਰ ਦੀ ਸਰਕਾਰੀ ਲਿਖਾ-ਪੜ੍ਹੀ ਅੰਗਰੇਜ਼ੀ ਵਿਚ ਹੋਣ ਲੱਗ ਪਈ। ਜਿਸ ਸਿਆਸੀ ਪਾਰਟੀ ਨੇ ਇਕ-ਭਾਸ਼ੀ ਪੰਜਾਬੀ ਸੂਬੇ ਲਈ ਸਭ ਤੋਂ ਵੱਧ ਸੰਘਰਸ਼ ਕੀਤਾ ਸੀ, ਵਜ਼ਾਰਤ ਦੀ ਕੁਰਸੀ

ਮਿਲਦੇ ਸਾਰ ਉਸ ਦੇ ਜੱਥੇਦਾਰਾਂ ਨੇ, ਪੰਜਾਬ ਦੀ ਉੱਚ ਅਫ਼ਸਰਸ਼ਾਹੀ ਦੀ ਨਕਲ ਵਿਚ, ਆਪਣੇ ਬੱਚੇ ਵੀ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਭੇਜਣੇ ਸ਼ੁਰੂ ਕਰ ਦਿੱਤੇ। ਭੇਡ-ਚਾਲ ਕਰਕੇ ਅੰਗਰੇਜ਼ੀ ਸਕੂਲਾਂ ਦੀ ਮੰਗ ਵਧ ਗਈ। ਅੰਗਰੇਜ਼ੀ ਦੇ ਗਿਆਨ ਨੂੰ ਹਰ ਤਰ੍ਹਾਂ ਦੀ ਤਰੱਕੀ ਦਾ ਦਰਵਾਜ਼ਾ ਸਮਝ ਲਿਆ ਗਿਆ। ਨੌਬਤ ਇੱਥੋਂ ਤਕ ਪਹੁੰਚ ਗਈ ਕਿ ਇਕ-ਭਾਸ਼ੀ ਪੰਜਾਬੀ ਸੂਬੇ ਦੀ ਕਾਇਮੀ ਲਈ ਲੱਖਾਂ ਬੰਦੇ ਗ੍ਰਿਫ਼ਤਾਰ ਕਰਾਉਣ ਵਾਲੇ ਦਲ ਦੀ ਹਕੂਮਤ ਨੇ ਕੱਚੀ ਪਹਿਲੀ ਜਮਾਤ ਤੋਂ ਹਰ ਸਰਕਾਰੀ ਸਕੂਲ ਵਿਚ ਮੇਰੇ ਨਾਲ ਮੇਰੀ ਸੌਂਕਣ ਅੰਗਰੇਜ਼ੀ ਦੀ ਪੜ੍ਹਾਈ ਲਾਜ਼ਮੀ ਬਣਾ ਦਿੱਤੀ। ਇਕ-ਭਾਸ਼ੀ ਪੰਜਾਬ ਨੂੰ ਗਿਆਨੀ ਜ਼ੈਲ ਸਿੰਘ ਜੀ, ਆਪਣੀ ਚੀਫ਼ ਮਿਨਿਸਟਰੀ ਦੌਰਾਨ ਹਿੰਦੀ ਦੀ ਲਾਜ਼ਮੀ ਪੜ੍ਹਾਈ ਨਾਲ, ਇਕ ਤਰ੍ਹਾਂ ਦੋ-ਭਾਸ਼ੀ ਪੰਜਾਬ ਬਣਾ ਗਏ ਸਨ, ਪਰ ਹਿੰਦੀ ਭਾਸ਼ਾ, ਸਕੱਤਰੇਤ ਤੇ ਉਚੇਰੀ ਪੜ੍ਹਾਈ ਦੇ ਮਾਧਿਅਮ ਵਾਲੇ ਪਾਸੇ ਕੋਈ ਖ਼ਾਸ ਦਖ਼ਲ ਨਹੀਂ ਸੀ ਦੇਂਦੀ, ਪਰ ਜਦੋਂ ਅੰਗਰੇਜ਼ੀ ਚਾਲੂ ਕੀਤੀ ਗਈ ਤਾਂ ਪੰਜਾਬ, ਬਿਨਾਂ ਕਿਸੇ ਸਰਕਾਰੀ ਐਲਾਨ ਦੇ ਤ੍ਰਿਭਾਸ਼ੀ ਸੂਬਾ ਬਣ ਗਿਆ। ਅੰਗਰੇਜ਼ੀ ਦਾ ਅੱਗੇ ਹੀ ਸਕੱਤਰੇਤ ਉੱਤੇ ਕਬਜ਼ਾ ਸੀ। ਯੂਨੀਵਰਸਿਟੀਆਂ ਵਿਚ ਵੀ ਅੱਗੇ ਨਾਲੋਂ ਅੰਗਰੇਜ਼ੀ ਦੀ ਚੜ੍ਹਤ ਵਧ ਗਈ। ਲਛਮਣ ਸਿੰਘ—ਲਾਲ ਸਿੰਘ ਦੀ ਕੀਤੀ-ਕਿਤਾਈ ਉੱਤੇ ਪਾਣੀ ਫਿਰ ਗਿਆ। ਇਸ ਵੇਲੇ ਹਾਲਤ ਇਹ ਬਣ ਚੁੱਕੀ ਹੈ ਕਿ ਪੰਜਾਬ ਵਿਚ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ, ਉਹ ਦ੍ਰਿੜ੍ਹ ਹੁੰਦੀ ਹੈ ਕਿ ਪੰਜਾਬ ਦੀ ਤਰੱਕੀ ਅੰਗਰੇਜ਼ੀ ਨਾਲ ਬੱਝੀ ਹੋਈ ਹੈ ਤੇ ਜੇ ਅੰਗਰੇਜ਼ੀ ਕੱਚੀ ਪਹਿਲੀ ਤੋਂ ਨਾ ਪੜ੍ਹਾਈ ਗਈ ਤਾਂ ਪੰਜਾਬ ਦੇ ਬੱਚੇ ਹਰ ਖੇਤਰ ਵਿਚ ਫਾਡੀ ਰਹਿ ਜਾਣਗੇ। ਚੜ੍ਹਦੇ ਪੰਜਾਬ ਦੀ ਕੋਈ ਪਾਰਟੀ ਇਹ ਸੁਣਨ ਨੂੰ ਤਿਆਰ ਨਹੀਂ ਕਿ ਜੇ ਮੈਂ ਆਪਣੇ ਬੱਚਿਆਂ ਨੂੰ ਪਹਿਲੀਆਂ ਚਾਰ ਜਮਾਤਾਂ ਪੜ੍ਹਾ ਦਿਆਂ ਤੇ ਪੰਜਵੀਂ ਜਮਾਤ ਤੋਂ ਅੰਗਰੇਜ਼ੀ ਚਾਲੂ ਹੋ ਜਾਵੇ ਤਾਂ ਅੰਗਰੇਜ਼ੀ ਵਿਚ ਮੁਹਾਰਤ ਵੀ ਪੂਰੀ ਹੋਵੇਗੀ ਤੇ ਮੇਰਾ ਹੱਕ ਵੀ ਨਹੀਂ ਮਰੇਗਾ। ਮੇਰੇ ਹਿਤੈਸ਼ੀ, ਇਹ ਨਿੱਕਾ ਜਿਹਾ ਨੁਕਤਾ ਸਮਝਾਉਣ ਲਈ ਹਿੰਸਕ ਕਾਰਵਾਈ ਤੋਂ ਉਰੇ ਉਰੇ, ਸਾਰੇ ਹਥਿਆਰ ਵਰਤ ਚੁੱਕੇ ਨੇ, ਪਰ 'ਕੰਨੀ ਬੁਜੇ ਦੇ ਰਹਾਂ ਕਿਤੇ ਵਗੇ ਪਉਣ'। ਜਿਵੇਂ ਲਹਿੰਦੇ ਪੰਜਾਬ ਦੀ ਸਰਕਾਰ ਪੰਜਾਬੀ-ਬੋਲਦੇ ਲੋਕਾਂ ਦੀ ਨੁਮਾਇੰਦਗੀ ਦਾ ਦਾਅਵਾ ਕਰਦੀ ਹੈ, ਓਵੇਂ ਹੀ ਚੜ੍ਹਦੇ ਪੰਜਾਬ ਦੀ ਸਰਕਾਰ ਵੀ ਆਪਣੇ ਪੰਜਾਬੀ-ਬੋਲਦੇ ਲੋਕਾਂ ਦੀ ਨੁਮਾਇੰਦਗੀ ਦਾ ਦਮ ਭਰਦੀ ਹੈ, ਪਰ ਆਪੋ-ਆਪਣੇ ਲੋਕਾਂ ਦੀ ਬੋਲੀ ਬਾਰੇ ਦੋਵੇਂ ਸਰਕਾਰਾਂ ਫੱਫੇ ਕੁੱਟਣੀ ਨੂੰ ਮਾਂ ਨਾਲੋਂ ਹੇਜਲੀ ਮੰਨੀ ਬੈਠੀਆਂ ਨੇ। ਦੁਹਾਂ ਪਾਸਿਆਂ ਦੀਆਂ ਹੁਕਮਰਾਨ ਜਮਾਤਾਂ ਆਪਣੀ ਮਾਂ-ਬੋਲੀ ਦਾ ਮੁੱਲ ਕਿਸੇ ਫ਼ੁਟ-ਪੈਡ ਤੋਂ ਵੱਧ ਨਹੀਂ ਪਾਉਂਦੀਆਂ। ਕਿਹਾ ਜਾ ਸਕਦਾ ਹੈ ਕਿ ਚੜ੍ਹਦੇ ਪੰਜਾਬ ਵਿਚ ਅਜੇ ਮੇਰਾ ਹਾਲ ਪਾਕਿਸਤਾਨੀ ਪੰਜਾਬ ਵਾਲਾ ਨਹੀਂ ਹੋਇਆ। ਮੈਨੂੰ ਕਿਸੇ ਹਾਲ ਵਿਚ ਰਹਿਣ ਦੇਣ, ਮੈਂ ਤਾਂ ਫੇਰ ਵੀ ਸ਼ੁਕਰ ਮਨਾਵਾਂਗੀ, ਪਰ ਜਿਵੇਂ ਦੁਹਾਂ ਪਾਸਿਆਂ ਦੇ ਮਾਪੇ, ਸਰਕਾਰਾਂ

ਸੀ ਦਿੱਤਾ, ਜਿਨ੍ਹਾਂ ਵਿਚ ਆਮ ਲਫ਼ਜ਼ਾਂ ਨੂੰ ਖ਼ਾਸ ਅਰਥ ਦਿੱਤੇ ਜਾਂਦੇ ਨੇ ਜਾਂ ਨਵੇਂ ਲਫ਼ਜ਼ ਘੜ ਕੇ ਜਾਂ ਉਧਾਰ ਲੈ ਕੇ ਆਪਣੀਆਂ ਉਚੇਰੀਆਂ ਲਫ਼ਜ਼ੀ ਲੋੜਾਂ ਪੂਰੀਆਂ ਕੀਤੀਆਂ ਜਾਂਦੀਆਂ ਸਨ। ਮੇਰਾ ਪਛੜੇਵਾਂ ਮੇਰੇ ਬੱਚਿਆਂ ਦੀ ਮਿਹਰਬਾਨੀ ਕਰਕੇ ਹੀ ਹੈ, ਇਸ ਵਿਚ ਮੇਰਾ ਕਸੂਰ ਕੋਈ ਨਹੀਂ। ਮੈਂ ਇਸ ਵੇਲੇ ਆਪਣੇ ਪੂਰੇ ਜੋਬਨ ਵਿਚ ਨਹੀਂ ਹਾਂ, ਫਿਰ ਵੀ ਮੇਰਾ ਦਾਅਵਾ ਹੈ ਕਿ ਮੈਨੂੰ ਪੰਜ ਸੱਤ ਸਾਲ ਦੀ ਪੂਰੀ ਛੁੱਟੀ ਦੇ ਦਿਓ ਤੇ ਫਿਰ ਵੇਖੋ ਕਿ ਮੈਂ ਸਦੀਆਂ ਦਾ ਫ਼ਾਸਲਾ ਕਿਵੇਂ ਛਾਲਾਂ ਮਾਰ ਕੇ ਪੂਰਦੀ ਹਾਂ ! ਪਰ ਅਫ਼ਸੋਸ, ਮੈਨੂੰ ਇਹ ਮੁਹਲਤ ਲੈ ਕੇ ਦੇਣ ਵਾਲਾ ਕੋਈ ਸੂਰਮਾ ਦਿੱਸ ਨਹੀਂ ਰਿਹਾ।

2. ਤੁਸੀਂ ਪਿੱਛੇ ਜਿਹੇ ਅਖ਼ਬਾਰਾਂ ਵਿਚ ਖ਼ਬਰ ਪੜ੍ਹੀ ਹੀ ਹੋਵੇਗੀ ਕਿ ਫ਼ਰਾਂਸ ਦੇ ਰਾਸ਼ਟਰਪਤੀ ਸ਼ਿਰਾਕ ਹੁਰਾਂ ਜਦੋਂ ਫ਼ਰਾਂਸ ਦੇ ਇਕ ਕਲਾਕਾਰ ਨੂੰ ਯੂਰਪ ਦੀ ਪਾਰਲੀਮੈਂਟ ਵਿਚ, ਆਪਣੀ ਭਾਸ਼ਾ ਫ਼ਰਾਂਸੀਸੀ ਦੀ ਥਾਂ ਅੰਗਰੇਜ਼ੀ ਵਿਚ ਬੋਲਦਿਆਂ ਸੁਣਿਆ ਤਾਂ ਉਹ ਰੋਸ ਵਜੋਂ ਪਾਰਲੀਮੈਂਟ ਵਿੱਚੋਂ ਉਠ ਕੇ ਬਾਹਰ ਚਲੇ ਗਏ—ਹੋਵੇ ਫ਼ਰਾਂਸੀਸੀ ਬੰਦਾ ਤੇ ਕਿਸੇ ਬੈਠਕ ਵਿਚ, ਭਾਵੇਂ ਉਹ ਅੰਤਰ-ਰਾਸ਼ਟਰੀ ਹੀ ਕਿਉਂ ਨਾ ਹੋਵੇ, ਆਪਣੀ ਭਾਸ਼ਾ ਨੂੰ ਛੱਡ ਕੇ ਕਿਸੇ ਹੋਰ ਭਾਸ਼ਾ ਵਿਚ ਕਿਉਂ ਬੋਲੇ ? ਖਿਮਾ ਕਰਨਾ, ਇਸ ਤਰ੍ਹਾਂ ਮੇਰੀ ਅਣਖ ਨੂੰ ਪੰਜਾਬ ਦੀ ਅਣਖ ਮੰਨਣ ਵਾਲਾ ਜੋਧਾ ਪੁੱਤਰ ਮੈਨੂੰ ਕਿਤੇ ਨਹੀਂ ਦਿੱਸ ਰਿਹਾ।
3. ਅੱਗੇ ਸਿੱਖਾਂ ਨੇ ਆਪਣੇ ਆਪ ਨੂੰ ਮੇਰੇ ਨਾਲ ਸੀਤਾ ਹੋਇਆ ਸੀ, ਹੁਣ ਕੀ ਪੰਜਾਬ ਵਿਚ ਤੇ ਕੀ ਪੰਜਾਬੋਂ ਬਾਹਰ, ਸਿੱਖਾਂ ਉੱਤੇ ਵੀ, ਮੇਰੇ ਨਾਲ ਆਪਣੇ ਪੁਸ਼ਤੈਨੀ ਸਾਕ ਨੂੰ ਤੋੜ ਦੇਣ ਦਾ ਮਿਹਣਾ ਅਸਰ ਨਹੀਂ ਕਰਦਾ। ਤੁਹਾਨੂੰ ਨਹੀਂ ਲੱਗਦਾ ਹੋਣਾ, ਪਰ ਮੇਰੀ ਹਾਲਤ ਤਾਂ ਨਿਖਸਮੀਆਂ ਛੁੱਟੜਾਂ ਤੋਂ ਵੀ ਬਦਤਰ ਹੋ ਚੁੱਕੀ ਹੈ।
4. 21ਵੀਂ ਸਦੀ ਵਿਚ ਮੇਰੇ ਉੱਤੇ ਸਭ ਤੋਂ ਮਾਰੂ ਵਾਰ ਮਾਪਿਆਂ ਨੇ ਕੀਤਾ ਹੈ, ਜੋ ਮੇਰੇ ਸਾਹਮਣੇ ਆਪਣਿਆਂ ਬੱਚਿਆਂ ਨੂੰ ਮੇਰੇ ਤੋਂ ਮੂੰਹ ਮੋੜ ਲੈਣ ਲਈ ਵਿੱਤੋਂ ਬਾਹਰਾ ਯਤਨ ਕਰ ਰਹੇ ਨੇ।

"ਇਹ ਹੈ ਮੇਰੀ ਅੱਜ ਦੀ ਹਾਲਤ, ਜਿਸ ਤਕ, ਮੈਨੂੰ, ਖਿਮਾ ਕਰਨਾ, ਤੁਹਾਡੇ ਬਜ਼ੁਰਗਾਂ ਦੀ ਅਣਗਹਿਲੀ ਨੇ ਪਹੁੰਚਾਇਆ ਹੈ। ਮੇਰੀਆਂ ਬੁੱਢੀਆਂ ਅੱਖਾਂ ਦੇ ਤਾਰਿਓ ! ਤੁਸੀਂ ਮੇਰਾ ਸਿਮਰਨ ਕਰਨ ਲਈ ਇੱਥੇ ਆਉਣ ਦੀ ਖੇਚਲ ਕੀਤੀ ਹੈ, ਤੁਹਾਡਾ ਬਹੁਤ ਸਾਰਾ ਸ਼ੁਕਰੀਆ। ਤੁਸੀਂ ਜੁਗ ਜੁਗ ਜੀਓ ! ਮੈਨੂੰ ਪਤਾ ਹੈ ਇੱਥੇ ਮੇਰੇ ਉਹ ਪੁੱਤਰ ਵੀ ਬੈਠੇ ਹੋਏ ਨੇ, ਜੋ ਮੇਰੇ ਭਲੇ ਲਈ ਕੁੱਝ ਵੀ ਕਰਨ ਨੂੰ ਤਿਆਰ ਹੋਣਗੇ, ਪਰ ਅੰਗਰੇਜ਼ੀ ਦਾ ਇਕ ਮੁਹਾਵਰਾ ਹੈ ਕਿ 'ਨਰਕਾਂ ਨੂੰ ਜਾਂਦਾ ਰਾਹ ਸ਼ੁਭ ਇੱਛਾਵਾਂ ਨਾਲ ਅੱਟਿਆ ਪਿਆ ਹੈ।' ਮੇਰੇ ਲਈ ਤੁਹਾਡੀਆਂ ਸ਼ੁਭ ਇੱਛਾਵਾਂ ਦਾ ਬਹੁਤ ਸਾਰਾ ਸ਼ੁਕਰੀਆ ਪਰ ਈਦ ਪਿੱਛੋਂ ਟਰੂ ਕਿਸ ਕੰਮ ?

"ਮੈਂ *ਦ ਇਕੌਨੌਮਿਸਟ* ਅਨੁਸਾਰ ਘੱਟ ਬੁਲਾਰਿਆਂ ਕਾਰਨ ਮਰਨ ਵਾਲੀ ਭਾਸ਼ਾ ਨਹੀਂ ਹਾਂ, ਫਿਰ ਵੀ ਅੱਜ ਜਿਨ੍ਹਾਂ ਹਾਲਾਤ ਨੂੰ ਆਪਣੇ ਤਨ ਉੱਤੇ ਹੰਢਾ ਰਹੀ ਹਾਂ, ਜੇ ਉਹ ਜਾਰੀ ਰਹਿਣ ਤਾਂ ਮੇਰੇ ਸੁਲੱਖਣੇ ਪੁੱਤਰੋ! ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਤੁਹਾਡੀ ਪੜਪੋਤ ਔਲਾਦ ਨੂੰ ਮੇਰੀਆਂ ਬਰਸੀਆਂ ਮਨਾਉਣ ਲਈ ਤਿਆਰ ਰਹਿਣਾ ਹੀ ਪਵੇਗਾ।

"ਮੈਂ ਤੁਹਾਨੂੰ ਦੱਸ ਆਈ ਹਾਂ ਕਿ ਮੈਂ ਆਪਣੇ ਆਪ ਨੂੰ ਜੀਉਂਦਾ ਰੱਖ ਸਕੀ ਹਾਂ, ਕਿਉਂਕਿ ਕਿਰਸਾਨਾਂ, ਮਜੂਰਾਂ ਤੇ ਹਟਵਾਣੀਆਂ ਨੇ ਮੇਰਾ ਸਾਥ ਨਹੀਂ ਸੀ ਛੱਡਿਆ। ਜੋ ਵੀ ਰਚਨਾ, ਚੰਗੀ-ਮਾੜੀ, ਮੇਰੇ ਪੁੱਤਰਾਂ ਨੇ ਛੱਡੀ ਹੈ, ਓਹ ਓਸ ਨਿੱਘੇ ਸਾਕ ਦੀ ਉਪਜ ਹੈ, ਜੋ ਮੈਂ ਗ਼ਰੀਬ-ਗੁਰਬੇ ਨਾਲ ਬਣਾਇਆ ਹੋਇਆ ਸੀ। ਹੁਣ ਤੁਹਾਡਾ ਜ਼ਮਾਨਾ ਆਇਆ ਹੈ ਤਾਂ ਗ਼ਰੀਬ-ਗੁਰਬੇ ਨੂੰ ਵੀ ਅੰਗਰੇਜ਼ੀ ਨੇ ਮੇਰੇ ਪਾਸੋਂ ਖੋਹ ਲਿਆ ਹੈ। ਉੱਤੋਂ ਆ ਪਿਆ ਹੈ ਵਿਸ਼ਵੀਕਰਨ ਦਾ ਦੈਂਤ। ਰਹਿੰਦੀ-ਖੂੰਹਦੀ ਕਸਰ ਇਸ ਨੇ ਪੂਰੀ ਕਰ ਦਿੱਤੀ ਹੈ। ਗ਼ਰੀਬ ਕਿਰਤੀਆਂ-ਕਿਸਾਨਾਂ ਦੀ ਛੱਡੀ ਹੋਈ, ਸਰਕਾਰਾਂ-ਦਰਬਾਰਾਂ ਤੋਂ ਛੇਕੀ ਹੋਈ, ਮੇਰੇ ਵਰਗੀ ਅਸਲੋਂ ਲਾਵਾਰਸ ਬੋਲੀ ਨਾਲ ਵਿਸ਼ਵੀਕਰਨ ਦਾ ਪੜਦੈਂਤ ਕੀ ਸਲੂਕ ਕਰੇਗਾ? ਸੱਚ ਬੋਲਾਂ ਤਾਂ ਮੇਰਾ ਜੀ ਖੁੱਸਦਾ ਹੈ। ਕਿਸੇ ਨੂੰ ਫ਼ਿਕਰ ਨਹੀਂ ਕਿ ਮੈਂ ਹਾਂ ਤਾਂ ਤੁਹਾਡੀ ਵੱਖਰੀ ਪਛਾਣ ਹੈ, ਵਰਨਾ ਤੁਸੀਂ ਕੁੱਝ ਪਏ ਹੋਵੋ, ਬੇਪਛਾਣ ਭੀੜ ਵਿਚ ਤੁਰਦੇ ਖ਼ਾਲੀ ਖੋਖੇ ਹੋ। ਇਹ ਮਹਿਕਮੇ, ਇਹ ਯੂਨੀਵਰਸਿਟੀਆਂ, ਇਹ ਛਾਪੇਖ਼ਾਨੇ, ਇਹ ਮਹਾਨ ਕੋਸ਼, ਇਹ ਹਵਾਲਾ ਗ੍ਰੰਥ, ਇਹ ਇਨਾਮੀ ਰਚਨਾਵਾਂ ਸਭ ਧਰੀਆਂ-ਧਰਾਈਆਂ ਰਹਿ ਜਾਣਗੀਆਂ, ਕਿਉਂਕਿ ਮੈਂ ਹੋਣਾ ਨਹੀਂ।"

x x x x

ਭੈਣੋ ਤੇ ਭਰਾਵੋ! ਮਾਂ ਦੀ ਹੰਝੂਆਂ ਭਰੀ ਗਿਲੇ-ਗੁਜ਼ਾਰੀ ਤੁਸੀਂ ਸੁਣ ਲਈ ਹੈ। ਉਸ ਨੂੰ ਸਾਡੀ ਤੇ ਸਾਡੇ ਬਜ਼ੁਰਗਾਂ ਦੀ ਬੇਰੁਖ਼ੀ ਤੇ 21ਵੀਂ ਸਦੀ ਦੇ ਹੋਰ ਵੀ ਦੁਪਰਿਆਰੇ ਹਾਲਾਤ ਕਰਕੇ ਆਪਣੇ ਭਵਿੱਖ ਉੱਤੇ ਮਰਨ-ਮਿੱਟੀ ਦਾ ਲੇਪ ਹੋਇਆ ਦਿੱਸਣ ਲੱਗ ਪਿਆ ਹੈ। ਪਰ ਮੈਂ ਅਜੇ ਉਸ ਦਾ ਬੋ-ਕਾਟਾ ਹੋ ਜਾਣ ਦੇ ਇਹਸਾਸ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਾਂ, ਕਿਉਂਕਿ ਅਸੀਂ ਹੁਣ ਤਕ ਉਸ ਵੱਲੋਂ ਬੇਮੁਖ ਰਹੇ ਬੱਚੇ, ਪੰਚ-ਤੰਤਰੀ ਕਬੂਤਰਾਂ ਵਾਂਗ ਰੱਲ ਕੇ ਹੰਭਲਾ ਮਾਰੀਏ ਤਾਂ ਹੋ ਸਕਦਾ ਹੈ ਆਪਣੀ ਇਸ ਬੁੱਢੀ ਮਾਂ ਦੀ ਪਤੰਗ ਦੇ ਬੋ-ਕਾਟੇ ਨੂੰ ਕੁੱਝ ਚਿਰ ਲਈ ਜ਼ਰੂਰ ਟਾਲ ਸਕਾਂਗੇ ਤੇ ਕੋਈ ਵੱਡੀ ਗੱਲ ਨਹੀਂ, ਮਰਨ ਤੋਂ ਬਚਾਅ ਹੀ ਲਈਏ। ਮੇਰਾ ਮੂੰਹ ਛੋਟਾ ਹੈ, ਪਰ ਮੈਂ, ਆਪਣੇ ਹਮ-ਭਾਸ਼ੀ ਭੈਣਾਂ-ਭਰਾਵਾਂ ਉੱਤੇ ਭਰੋਸਾ ਕਰ ਕੇ ਬਾਤ ਵੱਡੀ ਕਰ ਬੈਠਾ ਹਾਂ। "ਰਲ ਕੇ ਹੰਭਲਾ ਮਾਰਨ" ਵਾਲੀ ਗੱਲ ਕਹਿਣੀ ਸੌਖੀ ਹੈ, ਪਰ ਸਿਰੇ ਚਾੜ੍ਹਨੀ ਬੇਹੱਦ ਔਖੀ ਹੈ। ਅਸੰਭਵ ਮੈਂ ਇਸ ਕਰ ਕੇ ਨਹੀਂ ਕਹਿੰਦਾ, ਕਿਉਂਕਿ ਇਸਰਾਈਲੀ ਇਕਮੁੱਠਤਾ ਨੇ ਸਾਡੀਆਂ ਅੱਖਾਂ ਦੇ ਸਾਹਮਣੇ, ਤਕਰੀਬਨ ਮੋਈ ਹੋਈ ਇਬਰਾਨੀ ਜ਼ਬਾਨ ਨੂੰ ਆਪਣੇ ਦੇਸ਼ ਦੀ ਜੀਉਂਦੀ ਜਾਗਦੀ ਮਹਾਰਾਣੀ ਬਣਾ ਦਿੱਤਾ ਹੈ।

ਇੱਕੀਵੀਂ ਸਦੀ ਦੀ ਮਾਰ ਤੋਂ ਉਹੀ ਬੋਲੀਆਂ ਬਚ ਸਕਦੀਆਂ ਨੇ, ਜਿਨ੍ਹਾਂ ਦਾ ਹਰ ਬੁਲਾਰਾ ਉਨ੍ਹਾਂ ਨੂੰ ਕੱਸ ਕੇ ਆਪਣੀ ਛਾਤੀ ਨਾਲ ਲਾਈ ਰੱਖੇ ਤੇ, ਉਸ ਦੀ ਥਾਂ ਮੱਲਣ ਲਈ ਤਿਆਰ ਬੈਠੀ ਬਦੇਸੀ, ਕਿਸੇ ਵੀ ਭਾਸ਼ਾ ਨੂੰ ਭਾਵੇਂ ਉਹ ਕਿੰਨੀ ਫ਼ਾਇਦੇਮੰਦ ਤੇ ਦਿਲਕਸ਼ ਕਿਉਂ ਨਾ ਹੋਵੇ, ਆਪਣੇ ਬੱਚਿਆਂ ਦੀਆਂ ਮੁੱਢਲੀਆਂ ਜਮਾਤਾਂ ਦੇ ਨੇੜੇ ਨਾ ਆਉਣ ਦੇਵੇ। ਜੇ ਹਰ ਪੰਜਾਬੀ ਆਪਣੀ ਮਾਂ-ਭਾਸ਼ਾ ਨਾਲ ਆਪਣੀ ਅਣਖ ਜੋੜ ਲਏ ਤਾਂ ਯਕੀਨ ਜਾਣੋ, ਪੰਜਾਬੀ ਨੂੰ ਕੋਈ ਨਹੀਂ ਮਾਰ ਸਕੇਗਾ। ਕੀ ਸਾਰੇ ਪੰਜਾਬੀਆਂ ਦਾ ਰੁਖ਼ ਇਸ ਪਾਸੇ ਵੱਲ ਮੋੜਿਆ ਜਾ ਸਕਦਾ ਹੈ ? ਜੇ ਜਵਾਬ ਹੈ 'ਹਾਂ' ਤਾਂ ਜਸ਼ਨ ਮਨਾਓ, ਪੰਜਾਬੀ ਜੀਏਗੀ; ਜੇ ਜਵਾਬ ਹੋਵੇ 'ਮੁਸ਼ਕਲ ਹੈ', ਤਾਂ ਪੰਜਾਬੀ ਨੂੰ ਵੀ 21ਵੀਂ ਸਦੀ ਦਾ ਸ਼ਿਕਾਰ ਬਣਨ ਤੋਂ ਰੋਕਣਾ 'ਬੜਾ ਮੁਸ਼ਕਲ' ਹੋਵੇਗਾ। ਇਹ ਮੇਰੀ ਸੋਗਮਈ ਭਵਿੱਸ਼ਬਾਣੀ ਹੈ।

x x x x

ਅੰਤ ਵਿਚ ਮੈਂ ਨਹੀਂ ਚਾਹੁੰਦਾ ਕਿ ਇਸ ਕਾਨਫ਼ਰੰਸ ਦੇ ਆਰੰਭਿਕ ਸ਼ਬਦਾਂ ਦੀ ਤਾਨ ਸੋਗੀ ਸੁਰਾਂ ਨਾਲ ਕਰਾਂ। ਮੈਨੂੰ ਯਕੀਨ ਹੈ, ਅੱਜ ਦੀ ਸਾਰੀ ਸੰਗਤ ਪੰਜਾਬੀ ਦੀ ਲੰਮੀ ਉਮਰ ਲਈ ਦੁਆ-ਗੋ ਹੈ, ਪਰ ਜ਼ਾਲਮ ਸਮੇਂ ਦੇ ਬੁਲਡੋਜ਼ਰ, ਬੁਲਾਰਿਆਂ ਦੀਆਂ ਦੁਆਵਾਂ ਤੋਂ ਬੇਪਰਵਾਹ ਹੋ ਕੇ ਚੰਗੀਆਂ-ਭਲੀਆਂ ਜ਼ਿੰਦਾ ਜ਼ਬਾਨਾਂ ਨੂੰ ਬੇਤਹਾਸ਼ਾ ਦਰੜੀ ਜਾਣ ਵਿਚ ਲੱਗਾ ਹੋਇਆ ਹੈ। ਪੰਜਾਬੀ ਨੂੰ ਇਸ ਦੈਂਤ ਤੋਂ ਕਿਵੇਂ ਬਚਾਈਏ ? ਸੌਖਾ ਜਵਾਬ ਇਹ ਹੈ ਕਿ ਪੰਜਾਬੀ ਬੋਲਣ ਵਾਲਾ ਹਰ ਪ੍ਰਾਣੀ ਆਪਣੀ ਭਾਸ਼ਾ ਲਈ ਉਹ ਕੁੱਝ ਕਰਨ ਲਈ ਤਿਆਰ ਹੋਵੇ, ਜੋ ਰਾਜਸਥਾਨ ਦੇ ਸ੍ਰੀ ਜੰਬੇਸ਼ਵਰ ਜੀ ਨੂੰ ਗੁਰੂ ਮੰਨਣ ਵਾਲੇ ਬਿਸ਼ਨੋਈਆਂ ਨੇ, ਅੱਜ ਤੋਂ ਕੋਈ ਪੌਣੇ ਤਿੰਨ ਸੌ ਵਰ੍ਹੇ ਪਹਿਲਾਂ, ਕਰ ਵਿਖਾਇਆ ਸੀ। ਇਹ ਇਤਿਹਾਸਕ ਘਟਨਾ ਇਸ ਤਰ੍ਹਾਂ ਘਟੀ ਸੀ :

ਸੰਨ 1730 ਈ: ਵਿਚ ਰਾਜਾ ਅਭੈ ਸਿੰਘ ਨੂੰ ਆਪਣੇ ਜੋਧਪੁਰ ਵਾਲੇ ਮਹਿਲਾਂ ਲਈ ਵਧੀਆ ਲੱਕੜ ਚਾਹੀਦੀ ਸੀ। ਉਸ ਨੇ ਪਿੰਡਾਂ ਵਿੱਚੋਂ ਰੁੱਖ ਕੱਟ ਲਿਆਉਣ ਦਾ ਹੁਕਮ ਦਿੱਤਾ। ਉਸ ਦੇ ਕਾਰਿੰਦਿਆਂ ਨੂੰ ਇਕ ਪਿੰਡ ਦੀ ਜ਼ਮੀਨ ਵਿਚ ਖੜੀ ਝਿੜੀ ਬੜੀ ਪਸੰਦ ਆਈ। ਉਹ ਰੁੱਖ ਕੱਟਣ ਲਈ ਤਿਆਰ ਹੋਏ ਤਾਂ ਪਿੰਡ ਦੀ ਪੰਚਾਇਤ ਨੇ ਇਕੱਠੇ ਹੋ ਕੇ ਬੇਨਤੀ ਕੀਤੀ, "ਸਰਕਾਰ! ਅਸੀਂ ਜੰਭੋ ਜੀ ਮਹਾਰਾਜ ਦੇ ਪੁਜਾਰੀ ਹਾਂ। ਸਾਨੂੰ ਰੁੱਖ ਕੱਟਣ ਦੀ ਮਨਾਹੀ ਹੈ। ਸਾਡੇ ਗੁਰੂ ਜੀ ਦਾ ਹੁਕਮ ਹੈ, ਕੋਈ ਰੁੱਖ ਨਹੀਂ ਕੱਟਣਾ ਤੇ ਕੋਈ ਜਾਨਵਰ ਨਹੀਂ ਮਾਰਨਾ। ਏਥੋਂ ਅਸੀਂ ਰੁੱਖ ਨਹੀਂ ਵੱਢਣ ਦੇਣੇ, ਇਹ ਸਾਡੇ ਬੱਚੇ ਨੇ।"

ਰਾਜੇ ਦੇ ਕਾਰਿੰਦਿਆਂ ਦਿਆਂ ਸਿਰਾਂ ਉੱਤੇ ਸਰਕਾਰੀ ਗੁਮਾਸ਼ਤੇ ਹੋਣ ਦਾ ਭੂਤ ਸਵਾਰ ਸੀ। ਉਹ ਆਪਣੇ ਕੁਹਾੜੇ ਸੂਤ ਕੇ ਲਲਕਾਰੇ, "ਕੋਈ ਹੈ ਮਾਈ ਦਾ ਲਾਲ ਜੋ ਮਹਾਰਾਜ ਦੀ ਹੁਕਮ-ਅਦੂਲੀ ਕਰੇ ? ਮਹਾਰਾਜਾ ਸਾਹਿਬ ਦਾ ਹੁਕਮ ਅਟੱਲ ਹੈ।"

ਜਦੋਂ ਪਿੰਡ ਵਾਲਿਆਂ ਦੀਆਂ ਬੇਨਤੀਆਂ ਦਾ ਕਾਰਿੰਦਿਆਂ ਉੱਤੇ ਕੋਈ ਅਸਰ ਨਾ ਹੋਇਆ ਤਾਂ ਉਨ੍ਹਾਂ ਨੇ ਆਪਣੇ ਰੁੱਖਾਂ ਨੂੰ ਕੱਸ ਕੇ ਜੱਫੀਆਂ ਪਾ ਲਈਆਂ। ਕਾਰਿੰਦੇ ਲਾ ਜ਼ੋਰ ਥੱਕੇ, ਪਰ ਪੇਂਡੂਆਂ ਨੇ ਆਪਣੀਆਂ ਜੱਫੀਆਂ ਢਿੱਲੀਆਂ ਨਾ ਕੀਤੀਆਂ। ਗ਼ੁੱਸੇ ਨਾਲ ਅੰਨ੍ਹੇ ਹੋਏ ਰਾਜੇ ਦੇ ਕਸਾਈ ਕਾਰਿੰਦਿਆਂ ਨੇ ਰੁੱਖਾਂ ਨੂੰ ਚੰਬੜੇ ਹੋਏ ਪੇਂਡੂਆਂ ਉੱਤੇ ਵੀ ਕੁਹਾੜੇ ਚਲਾਉਣੇ ਸ਼ੁਰੂ ਕਰ ਦਿੱਤੇ। ਇਹ ਕਤਲਿ-ਆਮ ਓਦੋਂ ਬੰਦ ਹੋਇਆ, ਜਦੋਂ 371 ਪੇਂਡੂ ਰੁੱਖਾਂ ਦੀ ਰੱਖਿਆ ਲਈ ਆਪਣੀਆਂ ਜਾਨਾਂ ਵਾਰ ਚੁੱਕੇ ਸਨ।

ਆਪਣੇ ਧਾਰਮਿਕ ਵਿਸ਼ਵਾਸਾਂ ਦੀ ਰੱਖਿਆ ਦੀ ਖ਼ਾਤਰ ਆਪਣੀਆਂ ਜਾਨਾਂ ਵਾਰ ਦੇਣ ਦੀ ਕਹਾਣੀ ਸਾਡੇ ਲਈ ਨਵੀਂ ਨਹੀਂ, ਪਰ ਸਿਆਸਤ ਤੋਂ ਮੁਕਤ ਹੋ ਕੇ ਆਪਣੀ ਭਾਸ਼ਾ ਦੀ ਸੁਰੱਖਿਆ ਲਈ ਸੰਘਰਸ਼ ਕਰਨ ਦਾ ਵੱਲ ਅਸੀਂ ਅਜੇ ਸਿੱਖਣਾ ਹੈ। ਦੁਨੀਆ ਵਿਚ ਸ਼ਹੀਦੀਆਂ ਦੇ ਇਤਿਹਾਸਾਂ ਨੂੰ ਚਿਤਾਰਦੇ ਹੋਏ, ਨਿੱਤਰੋ ਪੰਜਾਬੀ ਦੇ ਹਿਤੈਸ਼ੀਓ! ਬਿਸ਼ਨੋਈ ਸ਼ਹੀਦਾਂ ਵਾਂਗ ਜੇ ਹਰ ਪੰਜਾਬੀ ਨੂੰ ਪੰਜਾਬੀ ਨਾਲ ਚਿਪਕ ਜਾਣ ਲਈ ਪ੍ਰੇਰ ਸਕਦੇ ਹੋ ਤਾਂ ਨਾ ਸਾਡੀਆਂ ਚੜ੍ਹਦੇ ਤੇ ਲਹਿੰਦੇ ਦੀਆਂ ਪੰਜਾਬੀ ਦੀਆਂ ਦੋਖੀ ਸਰਕਾਰਾਂ ਪੰਜਾਬੀ ਦਾ ਕੁੱਝ ਵਿਗਾੜ ਸਕਣਗੀਆਂ ਤੇ ਨਾ 21ਵੀਂ ਸਦੀ ਦਾ ਵਿਕਰਾਲ ਦੈਂਤ ਹੀ, ਜਿਸ ਨੇ ਭਾਸ਼ਾਵਾਂ ਦੇ ਭੋਜਨ ਨਾਲ ਆਪਣੀ ਭੁੱਖ ਤ੍ਰਿਪਤ ਕਰਨੀ ਸ਼ੁਰੂ ਕੀਤੀ ਹੋਈ ਹੈ, ਸਾਡੀ ਬੋਲੀ ਦੇ ਨੇੜੇ ਫਟਕ ਸਕੇਗਾ।

ਅਸੀਂ ਅੰਗਰੇਜ਼ੀ ਜਾਂ ਕਿਸੇ ਵੀ ਹੋਰ ਭਾਸ਼ਾ ਦੇ ਵਿਰੋਧੀ ਨਹੀਂ ਹਾਂ। ਅਸੀਂ ਚਾਹੁੰਦੇ ਹਾਂ, ਸਾਡੇ ਬੱਚੇ ਅੰਗਰੇਜ਼ੀ ਵਿਚ ਅੰਗਰੇਜ਼ਾਂ ਤੇ ਅਮਰੀਕਨਾਂ ਨੂੰ ਮਾਤ ਪਾਉਣ, ਪਰ ਅਸੀਂ ਇਹ ਨਹੀਂ ਚਾਹੁੰਦੇ ਕਿ ਬੱਚੇ ਦੇ ਪਹਿਲੇ ਚਾਰ ਸਕੂਲੀ ਸਾਲਾਂ ਵਿਚ ਪੰਜਾਬੀ ਦੀ ਥਾਂ ਜਾਂ ਪੰਜਾਬੀ ਦੇ ਨਾਲ, ਕੋਈ ਹੋਰ ਭਾਸ਼ਾ ਬੱਚਿਆਂ ਦੇ ਦਿਮਾਗ਼ਾਂ ਦੇ ਕੁਦਰਤੀ ਵਿਕਾਸ ਵਿਚ ਵਿਘਨ ਪਾਵੇ। ਚੌਥੀ ਤੋਂ ਅਗਲੇ ਸਾਲਾਂ ਵਿਚ ਪੰਜਾਬੀ ਦੇ ਨਾਲ ਅੰਗਰੇਜ਼ੀ ਜਿੰਨੀ ਮਰਜ਼ੀ ਪੜ੍ਹਾਈ ਜਾਓ, ਪੰਜਾਬੀ ਆਪਣੀ ਰਾਖੀ ਆਪ ਕਰੀ ਜਾਏਗੀ।

ਜੈ ਪੰਜਾਬ! ਜੈ ਪੰਜਾਬੀ!! ਜੈ ਪੰਜਾਬੀਅਤ!!!

ਜ਼ਮੀਮਾ

ਦ ਇਕੋਨੌਮਿਸਟ ਵਿਚ ਛਪੀ ਰਪੋਟ ਵਿੱਚੋਂ ਕੁੱਝ ਜਵਾਹਰਪਾਰੇ ਵਿਦਵਾਨਾਂ ਦੀ ਸੂਚਨਾ ਲਈ ਹਾਜ਼ਿਰ ਹਨ:

- Linguists classify languages on a scale ranging from 'safe' (learnt by all children in the group, and spoken by all its members) to...
- Most languages disappear because their speakers voluntarily abandon them...

Quoted from a UNESCO paper :

- The extinction of each language results in the irrecoverable loss of unique cultural, historical and ecological knowledge. Each language is a unique expression of the human experience of the world...
- The late Kenneth Hale, who taught linguistics at the Massachusetts Institute of Technology (MIT), put it more passionately : "When you lose a language, you lose a culture, intellectual wealth, a work of art. It's like dropping a bomb on a museum."...
- The demise of any lanugage is a loss for all mankind, but most of all a loss for its speakers. As one Navajo elder, quoted by Mr. Yamamoto, told his grandson :

  "If you don't breathe,
  There is no air.
  If you don't walk,
  There is no earth.
  If you don't speak,
  There is no world."

•



ਡਾ. ਹਰਸ਼ਿੰਦਰ ਕੌਰ ਦੇ ਪਿਤਾ ਪ੍ਰੋ. ਪ੍ਰੀਤਮ ਸਿੰਘ ਵਿਸ਼ਵ ਪੱਧਰ ਦੇ ਵਿਖਿਆਤ ਚਿੰਤਕ, ਆਲੋਚਕ, ਬੁਲਾਰੇ ਤੇ ਲੇਖਕ ਹਨ। ਸੰਸਾਰ ਭਰ ਦੇ ਅਨੇਕਾਂ ਹੀ ਵਿਦਵਾਨਾਂ, ਲੇਖਕਾਂ ਤੇ ਖੋਜ ਕਰਤਿਆਂ ਨੇ ਉਨ੍ਹਾਂ ਦੀ ਅਗਵਾਈ ਹੇਠ ਅਦੁੱਤੀ ਪੱਧਰ ਦੀਆਂ ਰਚਨਾਵਾਂ ਨਾਲ ਗਿਆਨ ਦੇ ਭੰਡਾਰ ਵਿਚ ਲਾਸਾਨੀ ਕਿਸਮ ਦਾ ਵਾਧਾ ਕੀਤਾ ਹੈ। ਡਾ. ਹਰਸ਼ਿੰਦਰ ਕੌਰ ਵੀ ਇਨ੍ਹਾਂ ਵਿਦਵਾਨਾਂ ਦੇ ਸਮੂਹ ਦੀ ਸੰਪੰਨ ਤੇ ਸਿਖਰਲੇ ਪੱਧਰ ਦੀ ਇਕ ਸਦੱਸਿਆ ਹੈ। ਉਨ੍ਹਾਂ ਦੀ ਕਲਮ ਦਿਲੋਂ ਵੀ ਲਿਖਦੀ ਹੈ, ਦਿਮਾਗ਼ੋਂ ਵੀ ਤੇ ਸਮਾਜੀ ਸਫ਼ਰ ਬਾਰੇ ਵੀ।

ਉਨ੍ਹਾਂ ਦਾ ਪੇਸ਼ਾ ਡਾਕਟਰੀ ਹੈ, ਪਰ ਉਹ ਸਮਾਜ-ਸ਼ਾਸਤਰੀਆਂ, ਸਿੱਖਿਆ-ਸ਼ਾਸਤਰੀਆਂ ਤੇ ਭਾਸ਼ਾ-ਸ਼ਾਸਤਰੀਆਂ ਵਿਚ ਵੀ ਸਨਮਾਨ ਪ੍ਰਾਪਤੀ ਦੇ ਅਧਿਕਾਰੀ ਹਨ। ਲੋਕ ਉਨ੍ਹਾਂ ਦੀਆਂ ਲਿਖਤਾਂ ਦੀ ਉਡੀਕ ਕਰਦੇ ਹਨ।

ਮੈਂ ਲੇਖਿਕਾ ਦੀ ਸ਼ੁਹਰਤ ਤੇ ਉਨ੍ਹਾਂ ਦੀ ਚੁਤਰਫ਼ਾ ਪ੍ਰਸਿੱਧੀ ਦੀ ਕਾਮਨਾ ਕਰਦਾ ਹਾਂ।

—ਡਾ. ਟੀ.ਆਰ. ਸ਼ਰਮਾ

ISBN 81-7205-402-5

9 788172 054021